

**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



**ਅੰਦਰਲੀ ਖ਼ਬਰ**
ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਤੁਰੰਤ ਇਨ੍ਹਾਂ ਦੇਸ਼ਾਂ ਨੂੰ ਛੱਡਣ ਲਈ ਕਿਹਾ 05

**ਅੰਦਰਲੀ ਖ਼ਬਰ**
ਪਾਤਰ ਦੇ ਜਾਣ ਤੋਂ ਬਾਅਦ ਉਸਦੀ ਕਾਵਿ-ਪੁਸਤਕ 'ਰੱਬ, ਰੋਟੀ, ਭਾਸ਼ਾ ਤੇ ਰਾਗ' ਪੀ.ਏ.ਯੂ. ਲੁਧਿਆਣਾ ਵਿਖੇ ਪੂਰੇ ਮਾਣ-ਸਤਿਕਾਰ ਨਾਲ ਕੀਤੀ ਗਈ ਲੋਕ-ਅਰਪਿਤ 07



ਪੰਨਾ ਨੰ.:6 **ਲੇਖ**
ਵਖਤੁ ਵੀਚਾਰੇ ਸੁ ਬੰਦਾ ਹੋਇ॥



PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611

05 ਮਾਰਚ ਤੋਂ 11 ਮਾਰਚ, 2026

Email :- editor@punjabstar.com, Vo. 20. Issue:1227


## ਕਿਮ ਜੋਂਗ ਉਨ ਨੇ ਕੀਤਾ ਦਾਅਵਾ

### ਉੱਤਰੀ ਕੋਰੀਆ ਦੀ ਜਲ ਸੈਨਾ ਪ੍ਰਮਾਣੂ ਊਰਜਾ ਨਾਲ ਹੋਵੇਗੀ ਸੰਚਾਲਿਤ



(ਪੰਜਾਬ ਸਟਾਰ ਬਿਓਰੋ)
ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਆਪਣੀ ਜਲ ਸੈਨਾ ਦੀ ਤਾਕਤ ਵਧਾਉਣ ਲਈ ਵੱਡੇ ਕਦਮ ਚੁੱਕੇ ਹਨ। ਲਗਾਤਾਰ ਦੋ ਦਿਨਾਂ ਲਈ ਇੱਕ ਨਵੇਂ ਵਿਨਾਸ਼ਕਾਰੀ ਜਹਾਜ਼ ਦਾ ਨਿਰੀਖਣ ਕੀਤਾ ਹੈ। ਉਨ੍ਹਾਂ ਨੇ ਇੱਕ ਜੰਗੀ ਜਹਾਜ਼ ਤੋਂ ਕਰੂਜ਼ ਮਿਜ਼ਾਈਲਾਂ ਦੇ ਪ੍ਰੀਖਣ ਨੂੰ ਵੀ ਦੇਖਿਆ ਹੈ। ਕਿਮ ਨੇ ਪ੍ਰਮਾਣੂ ਹਥਿਆਰਾਂ ਨਾਲ ਆਪਣੀ ਜਲ ਸੈਨਾ ਨੂੰ ਹੋਰ ਮਜ਼ਬੂਤ ਕਰਨ ਦਾ ਵਾਅਦਾ ਕੀਤਾ ਹੈ। ਕਿਮ ਜੋਂਗ ਉਨ ਨੇ ਮੰਗਲਵਾਰ ਅਤੇ ਬੁੱਧਵਾਰ ਨੂੰ ਨੈਂਪੋ ਦੇ ਪੱਛਮੀ ਸ਼ਿਪਯਾਰਡ ਦਾ ਦੌਰਾ ਕੀਤਾ। ਉੱਥੇ, ਉਨ੍ਹਾਂ ਨੇ ਚੋਏ ਹਯੋਨ ਕਲਾਸ ਦੇ ਤੀਜੇ ਜਹਾਜ਼, ਜੋ ਕਿ 5,000 ਟਨ ਦਾ ਜੰਗੀ ਜਹਾਜ਼ ਹੈ, ਦੇ ਨਿਰਮਾਣ ਦਾ ਨਿਰੀਖਣ ਕੀਤਾ। ਕਿਮ ਨੇ ਕਿਹਾ ਕਿ ਚੋਏ ਹਯੋਨ ਦਾ ਵਿਕਾਸ ਉਸਦੀ ਫੌਜ ਦੀ ਫਾਇਰਪਾਵਰ ਨੂੰ ਵਧਾਉਣ ਵਿੱਚ ਇੱਕ ਵੱਡੀ ਤਰੱਕੀ ਨੂੰ ਦਰਸਾਉਂਦਾ ਹੈ।

ਇਸ ਜਹਾਜ਼ ਨੂੰ ਪ੍ਰਮਾਣੂ-ਸਮਰੱਥ ਬੈਲਿਸਟਿਕ ਅਤੇ ਕਰੂਜ਼ ਮਿਜ਼ਾਈਲਾਂ ਨੂੰ ਦਾਗਣ ਲਈ ਤਿਆਰ ਕੀਤਾ ਗਿਆ ਹੈ। ਦੱਖਣੀ ਕੋਰੀਆਈ ਮਾਹਿਰਾਂ ਦਾ ਮੰਨਣਾ ਹੈ ਕਿ ਰੂਸ ਨੇ ਜਹਾਜ਼ ਨੂੰ ਬਣਾਉਣ ਵਿੱਚ ਸਹਾਇਤਾ ਕੀਤੀ ਸੀ। ਹਾਲਾਂਕਿ, ਕੁਝ ਲੋਕ ਇਸਦੀ ਕਾਰਜਸ਼ੀਲਤਾ 'ਤੇ ਸ਼ੱਕ ਕਰਦੇ ਹਨ। ਪਿਛਲੇ ਸਾਲ ਮਈ ਵਿੱਚ, ਇਸੇ ਸ਼੍ਰੇਣੀ ਦਾ ਇੱਕ ਹੋਰ ਜਹਾਜ਼ ਲਾਂਚਿੰਗ ਦੌਰਾਨ ਖਰਾਬ ਹੋ ਗਿਆ ਸੀ। ਕਿਮ ਜੋਂਗ ਉਨ ਨੇ ਇਸ ਅਸਫਲਤਾ 'ਤੇ ਆਪਣਾ ਗੁੱਸਾ ਜ਼ਾਹਿਰ ਕੀਤਾ, ਇਸਨੂੰ ਇੱਕ ਅਪਰਾਧ ਕਿਹਾ। "ਕੰਗ ਕੋਨ" ਨਾਮਕ ਉਸ ਜਹਾਜ਼ ਨੂੰ ਮੁਰੰਮਤ ਤੋਂ ਬਾਅਦ ਜੂਨ ਵਿੱਚ ਦੁਬਾਰਾ * ਬਾਕੀ ਸਫ਼ਾ 2 'ਤੇ

# ਈਰਾਨ 'ਚ ਅਮਰੀਕਾ-ਇਜ਼ਰਾਈਲੀ ਜੰਗ !

## ਘੱਟੋ-ਘੱਟ 800 ਲੋਕ ਮਾਰੇ ਗਏ: ਈਰਾਨੀ ਰੈੱਡ ਕ੍ਰੀਸੈਂਟ ਸੋਸਾਇਟੀ

### ਇਰਾਨੀ ਵਿਦੇਸ਼ ਮੰਤਰੀ ਨੇ ਸਾਂਝੀ ਕੀਤੀ ਦਰਦਨਾਕ ਤਸਵੀਰ



ਦੁਬਈ, (ਪੰਜਾਬ ਸਟਾਰ ਬਿਓਰੋ): ਈਰਾਨੀ ਰੈੱਡ ਕ੍ਰੀਸੈਂਟ ਸੋਸਾਇਟੀ ਨੇ ਮੰਗਲਵਾਰ ਨੂੰ ਕਿਹਾ ਕਿ ਇਜ਼ਰਾਈਲੀ ਅਤੇ ਅਮਰੀਕੀ ਹਵਾਈ ਹਮਲਿਆਂ ਵਿੱਚ ਈਰਾਨ ਵਿੱਚ ਹੁਣ ਤੱਕ ਘੱਟੋ-ਘੱਟ 800 ਲੋਕ ਮਾਰੇ ਗਏ ਹਨ। "ਐਕਸ" 'ਤੇ ਇੱਕ ਸੰਦੇਸ਼ ਵਿੱਚ ਮੌਤਾਂ ਦੀ ਗਿਣਤੀ ਜਾਰੀ ਕੀਤੀ।

ਈਰਾਨ ਦੇ ਸੁਪਰੀਮ ਲੀਡਰ, ਅਯਾਤੁੱਲਾ ਅਲੀ ਖਮੇਨੀ, ਸ਼ਨੀਵਾਰ ਨੂੰ ਈਰਾਨ 'ਤੇ ਇਜ਼ਰਾਈਲੀ ਅਤੇ ਅਮਰੀਕੀ ਹਮਲੇ ਵਿੱਚ ਮਾਰੇ ਗਏ ਸਨ। ਈਰਾਨ ਦੇ ਬਾਅਦ ਦੇ ਜਵਾਬੀ ਕਾਰਵਾਈ ਨੇ ਪੱਛਮੀ ਏਸ਼ੀਆ ਵਿੱਚ ਟਕਰਾਅ ਨੂੰ ਵਧਾ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ 'ਤੇ ਭਾਰੀ ਅਤੇ ਸਟੀਕ ਬੰਬਾਰੀ ਹਫ਼ਤੇ ਭਰ ਜਾਂ ਜਿੰਨਾ ਚਿਰ ਜ਼ਰੂਰੀ ਹੋਵੇਗਾ ਜਾਰੀ ਰਹੇਗੀ।

**ਇਰਾਨ/ਸ਼ਾਹ :** ਜੰਗ ਦੀ ਭਿਆਨਕਤਾ ਕੀ ਹੁੰਦੀ ਐ,, ਇਹ ਅੰਦਾਜ਼ਾ ਇਰਾਨ ਦੀ ਵਾਇਰਲ ਹੋ ਰਹੀ ਤਸਵੀਰ ਤੋਂ ਲਗਾਇਆ ਜਾ ਸਕਦੈ,, ਜਿਸ ਵਿਚ 160 ਮਾਸੂਮ ਬੱਚੀਆਂ ਦੀਆਂ ਕਬਰਾਂ ਖੋਦੀਆਂ ਜਾ ਰਹੀਆਂ ਨੇ,,, ਜੰਗ ਤੋਂ ਬੇਖ਼ਬਰ ਇਹ ਮਾਸੂਮ ਬੱਚੀਆਂ ਅਪਣੇ ਸਕੂਲ 'ਚ ਮੌਜ ਮਸਤੀ ਨਾਲ ਪੜ੍ਹਾਈ ਕਰ ਰਹੀਆਂ ਸੀ,, ਪਰ ਇਕ ਹਮਲੇ ਨੇ ਇਨ੍ਹਾਂ ਤੋਤਲੀਆਂ ਜ਼ੁਬਾਨਾਂ ਨੂੰ ਸਦਾ ਲਈ ਮੌਤ ਦੀ ਨੀਂਦ ਸੁਲਾ ਦਿੱਤਾ, * ਬਾਕੀ ਸਫ਼ਾ 2 'ਤੇ

## ਅਮਰੀਕਾ, ਬ੍ਰਿਟੇਨ ਅਤੇ ਇਜ਼ਰਾਈਲੀ ਮਾਲ ਲੈ ਕੇ ਜਾਣ ਵਾਲੇ ਜਹਾਜ਼ਾਂ 'ਤੇ ਹੋਣਗੇ ਹਮਲੇ: ਇਰਾਨ



(ਪੰਜਾਬ ਸਟਾਰ ਬਿਓਰੋ)
ਇਜ਼ਰਾਈਲ ਅਤੇ ਅਮਰੀਕਾ ਵੱਲੋਂ ਇਰਾਨ ਵਿਰੁੱਧ ਛੇੜੀ ਗਈ ਜੰਗ ਚੌਥੇ ਦਿਨ ਵੀ ਜਾਰੀ ਹੈ। ਅਮਰੀਕਾ ਦੇ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਅੱਜ ਕਿਹਾ ਹੈ ਕਿ ਅਮਰੀਕੀ ਫੌਜ ਨੇ ਉਸ ਇਰਾਨੀ * ਬਾਕੀ ਸਫ਼ਾ 2 'ਤੇ

## ਸ੍ਰੀਲੰਕਾ ਨੇੜੇ ਇਰਾਨੀ ਜੰਗੀ ਜਹਾਜ਼ 'ਤੇ ਪਨਡੁੱਬੀ ਨਾਲ ਹਮਲਾ

### 101 ਲਾਪਤਾ, 32 ਜ਼ਖਮੀਆਂ ਨੂੰ ਸ੍ਰੀਲੰਕਾ ਦੀ ਜਲ ਸੈਨਾ ਨੇ ਬਚਾਇਆ



ਕੋਲੰਬੋ, (ਪੰਜਾਬ ਸਟਾਰ ਬਿਓਰੋ): ਅਮਰੀਕਾ-ਇਜ਼ਰਾਈਲ-ਈਰਾਨ ਯੁੱਧ ਦਾ ਅੱਜ ਪੰਜਵਾਂ ਦਿਨ ਹੈ। ਸ਼੍ਰੀਲੰਕਾ ਦੇ ਤੱਟ ਤੋਂ ਇੱਕ ਈਰਾਨੀ ਜੰਗੀ ਜਹਾਜ਼ 'ਤੇ ਇੱਕ ਪਨਡੁੱਬੀ ਨੇ ਹਮਲਾ ਕਰ ਦਿੱਤਾ। ਸ਼੍ਰੀਲੰਕਾ ਦੀ ਜਲ ਸੈਨਾ ਦੇ ਅਨੁਸਾਰ ਜਹਾਜ਼ ਤੋਂ ਕਈ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। * ਬਾਕੀ ਸਫ਼ਾ 2 'ਤੇ

## ਅਮਰੀਕੀ ਸੈਨੇਟ ਨੇ ਜੰਗ ਰੋਕਣ ਦਾ ਪ੍ਰਸਤਾਵ ਕੀਤਾ ਰੱਦ



ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਈਰਾਨ ਅਤੇ ਇਜ਼ਰਾਈਲ-ਅਮਰੀਕਾ ਵਿਚਕਾਰ ਚੱਲ ਰਹੀ ਭਿਆਨਕ ਜੰਗ ਦੌਰਾਨ ਈਰਾਨ ਨੂੰ ਇੱਕ ਵੱਡਾ ਸਿਆਸੀ ਝਟਕਾ ਲੱਗਾ ਹੈ। ਅਮਰੀਕੀ ਸੈਨੇਟ ਨੇ ਈਰਾਨ ਵਿਰੁੱਧ ਜਾਰੀ ਫ਼ੌਜੀ ਹਮਲਿਆਂ ਨੂੰ ਰੋਕਣ ਲਈ ਪੇਸ਼ ਕੀਤੇ ਗਏ ਮਤੇ ਨੂੰ ਬਹੁਮਤ ਨਾਲ ਰੱਦ ਕਰ ਦਿੱਤਾ ਹੈ। ਇਹ ਮਤਾ ਡੈਮੋਕ੍ਰੇਟਿਕ ਸੈਨੇਟਰ ਟਿਮ ਕੇਨ ਅਤੇ ਰਿਪਬਲਿਕਨ ਰੈਂਡ ਪਾਲ ਵੱਲੋਂ ਸਾਂਝੇ ਤੌਰ 'ਤੇ 1973 ਦੇ 'ਵਾਰ ਪਾਵਰਜ਼ ਰੈਜ਼ੋਲਿਊਸ਼ਨ' ਤਹਿਤ ਪੇਸ਼ ਕੀਤਾ ਗਿਆ ਸੀ, ਜਿਸ ਦਾ ਉਦੇਸ਼ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਬਿਨਾਂ ਸੰਸਦੀ ਮਨਜ਼ੂਰੀ ਦੇ ਜੰਗ ਜਾਰੀ ਰੱਖਣ ਤੋਂ ਰੋਕਣਾ ਸੀ। ਹਾਲਾਂਕਿ, ਸੈਨੇਟ ਵਿੱਚ ਰਿਪਬਲਿਕਨ ਪਾਰਟੀ ਦੇ ਬਹੁਮਤ ਕਾਰਨ ਇਹ ਪ੍ਰਸਤਾਵ 53-47 ਦੇ ਫ਼ਰਕ ਨਾਲ ਡਿੱਗ ਗਿਆ, ਜਿਸ ਨਾਲ ਰਾਸ਼ਟਰਪਤੀ ਟਰੰਪ ਨੂੰ ਈਰਾਨ ਵਿਰੁੱਧ ਫ਼ੌਜੀ ਕਾਰਵਾਈ ਜਾਰੀ ਰੱਖਣ ਦੀ ਹਰੀ ਝੰਡੀ ਮਿਲ ਗਈ ਹੈ।

ਇਸ ਫ਼ੈਸਲੇ ਤੋਂ ਤੁਰੰਤ ਬਾਅਦ ਰਾਸ਼ਟਰਪਤੀ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ 'X' 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਲਿਖਿਆ ਕਿ ਸੈਨੇਟ ਦੇ ਇਸ ਕਦਮ ਨਾਲ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਹੋਰ ਮਜ਼ਬੂਤ ਹੋਈ ਹੈ ਅਤੇ ਈਰਾਨ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਨੈਨਸੀ ਗਰੇਵਾਲ ਦਾ ਬੇਰਹਿਮੀ ਨਾਲ ਕਤਲ



ਬਰੈਂਪਟਨ, (ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਵਿੰਡਸਰ ਇਲਾਕੇ ਵਿੱਚ ਰਹਿਣ ਵਾਲੀ ਮਸ਼ਹੂਰ ਪੰਜਾਬੀ ਸੋਸ਼ਲ ਮੀਡੀਆ ਇਨਫਲੂਐਂਸਰ ਅਤੇ ਯੂਟਿਊਬਰ ਨੈਨਸੀ ਗਰੇਵਾਲ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਮੰਗਲਵਾਰ * ਬਾਕੀ ਸਫ਼ਾ 2 'ਤੇ

## ਕੈਨੇਡਾ ਦੇ ਸਿੱਖ ਨੌਜਵਾਨ ਦੀ Peru 'ਚ ਮੌਤ



(ਪੰਜਾਬ ਸਟਾਰ ਬਿਓਰੋ)
ਪੰਜਾਬ ਨਾਲ ਸਬੰਧਤ ਅਤੇ ਕੈਨੇਡਾ ਦੇ ਸਰੀ (Surrey) ਵਿੱਚ ਰਹਿਣ ਵਾਲੇ 42 ਸਾਲਾ ਰਘਬੀਰ ਸਿੰਘ ਭਰੋਵਾਲ ਦੀ ਪੇਰੂ ਵਿੱਚ ਇੱਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ ਹੈ। ਰਘਬੀਰ ਸਿੰਘ 'ਫਲਾਇੰਗ ਖਾਲਸਾ ਵਰਲਡ ਟੂਰ' ਦੇ ਨਾਂ ਹੇਠ ਆਪਣੀ ਹਾਰਲੇ-ਡੇਵਿਡਸਨ ਮੋਟਰਸਾਈਕਲ 'ਤੇ ਇਕੱਲੇ ਹੀ ਪੂਰੀ ਦੁਨੀਆ ਦੀ ਯਾਤਰਾ 'ਤੇ ਨਿਕਲਿਆ ਹੋਇਆ ਸੀ। ਉਹ ਪੇਸ਼ੇ ਤੋਂ ਕੈਨੇਡਾ ਵਿੱਚ ਇਮੀਗ੍ਰੇਸ਼ਨ ਕੰਸਲਟੈਂਟ ਸੀ ਅਤੇ ਤਿੰਨ ਬੱਚਿਆਂ ਦੇ ਪਿਤਾ ਸੀ। ਉਨ੍ਹਾਂ ਦਾ ਸੁਪਨਾ 31 ਦੇਸ਼ਾਂ ਦੀ ਯਾਤਰਾ ਕਰਨਾ ਸੀ ਜਿਸ ਦੀ ਸ਼ੁਰੂਆਤ ਉਸ ਨੇ ਲਗਪਗ ਤਿੰਨ ਮਹੀਨੇ ਪਹਿਲਾਂ ਕੀਤੀ ਸੀ।

ਰਘਬੀਰ ਸਿੰਘ ਨੇ ਹਾਦਸੇ ਤੋਂ ਤਿੰਨ ਦਿਨ ਪਹਿਲਾਂ ਪੇਰੂ ਤੋਂ ਸੋਸ਼ਲ ਮੀਡੀਆ 'ਤੇ ਆਪਣੀ ਆਖਰੀ ਵੀਡੀਓ ਸਾਂਝੀ ਕੀਤੀ ਸੀ। ਇਸ ਤੋਂ ਬਾਅਦ ਜਦੋਂ ਪਰਿਵਾਰ ਦਾ ਉਸ ਨਾਲ ਸੰਪਰਕ ਨਹੀਂ ਹੋ ਸਕਿਆ, ਤਾਂ ਉਨ੍ਹਾਂ ਨੇ ਸਥਾਨਕ ਅਧਿਕਾਰੀਆਂ ਰਾਹੀਂ ਭਾਲ ਸ਼ੁਰੂ ਕੀਤੀ। * ਬਾਕੀ ਸਫ਼ਾ 2 'ਤੇ

# ਕੈਨੇਡਾ ਦਾ ਪਾਸਪੋਰਟ ਹੋਇਆ ਮਹਿੰਗਾ !

### * 10 ਸਾਲ ਦੇ ਪਾਸਪੋਰਟ ਲਈ ਦੇਣੇ ਹੋਣਗੇ 165 ਡਾਲਰ
### * ਵਿਦੇਸ਼ੀ ਧਰਤੀ ਤੋਂ ਪਾਸਪੋਰਟ ਫ਼ੀਸ 267 ਡਾਲਰ ਹੋਵੇਗੀ



ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਾਲਿਆਂ ਨੂੰ ਹੁਣ ਪਾਸਪੋਰਟ ਲਈ ਵੱਧ ਕੀਮਤ ਅਦਾ ਕਰਨੀ ਪਵੇਗੀ। ਜੀ ਹਾਂ, ਫੈਡਰਲ ਸਰਕਾਰ ਵੱਲੋਂ ਪਾਸਪੋਰਟ ਫ਼ੀਸ ਨੂੰ ਮਹਿੰਗਾਈ ਨਾਲ ਜੋੜਿਆ ਜਾ ਰਿਹਾ ਹੈ ਅਤੇ 31 ਮਾਰਚ ਤੋਂ ਕੈਨੇਡੀਅਨ ਪਾਸਪੋਰਟ ਦਾ ਖਰਚਾ 2.7 ਫ਼ੀ ਸਦੀ ਵਧ ਜਾਵੇਗਾ। ਮਿਸਾਲ ਵਜੋਂ ਕੈਨੇਡਾ ਵਿਚ ਮੌਜੂਦਗੀ ਦੌਰਾਨ ਪੰਜ ਸਾਲ ਮਿਆਦ ਵਾਲਾ ਪਾਸਪੋਰਟ ਅਪਲਾਈ ਕਰਨ ਦੀ ਫ਼ੀਸ 125 ਡਾਲਰ ਤੱਕ ਜਾ ਸਕਦੀ ਹੈ ਜਦਕਿ 10 ਸਾਲ ਮਿਆਦ ਵਾਲਾ ਪਾਸਪੋਰਟ ਬਣਾਉਣ ਲਈ 165 ਡਾਲਰ ਦੇਣੇ ਹੋਣਗੇ। ਵਿਦੇਸ਼ੀ ਧਰਤੀ ਤੋਂ ਪਾਸਪੋਰਟ ਬਣਾਉਣ ਦੇ ਇੱਛਕ ਬਿਨੈਕਾਰਾਂ ਨੂੰ 10 ਸਾਲ ਵਾਲੇ ਪਾਸਪੋਰਟ ਵਾਸਤੇ 267 ਡਾਲਰ ਅਦਾ ਕਰਨੇ ਹੋਣਗੇ।

ਇੰਮੀਗ੍ਰੇਸ਼ਨ, ਰਫ਼ਿਊਜੀ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਦਾ ਕਹਿਣਾ ਹੈ ਕਿ ਬੁਨਿਆਦੀ ਫ਼ੀਸ ਨਾਲ ਖ਼ਰਚੇ ਪੂਰੇ ਨਹੀਂ ਹੋ ਰਹੇ ਜਿਸ ਦੇ ਮੱਦੇਨਜ਼ਰ ਫ਼ੀਸ ਵਿਚ ਵਾਧਾ ਲਾਜ਼ਮੀ ਹੋ ਗਿਆ। ਪਾਸਪੋਰਟ ਫ਼ੀਸ ਵਿਚ ਆਖਰੀ ਵਾਧਾ ਕੀਤੇ ਜਾਣ ਮਗਰੋਂ ਕੰਜ਼ਿਊਮਰ ਪ੍ਰਾਈਸ ਇੰਡੈਕਸ 14.5 ਫ਼ੀ ਸਦੀ ਵਧ ਗਿਆ ਹੈ ਅਤੇ 2024-25 ਦੇ ਵਿੱਤੀ ਵਰ੍ਹੇ ਦੌਰਾਨ ਆਮਦਨ ਦੇ ਮੁਕਾਬਲੇ ਖਰਚਾ 121 ਮਿਲੀਅਨ ਡਾਲਰ ਵਧ ਰਿਹਾ। ਵਿਭਾਗ ਦਾ ਕਹਿਣਾ ਹੈ ਕਿ ਕਈ ਖਰਚਿਆਂ ਨੂੰ ਮੌਜੂਦਾ ਪਾਸਪੋਰਟ ਫੀਸ ਵਿਚ ਨਹੀਂ ਜੋੜਿਆ ਗਿਆ ਜਿਨ੍ਹਾਂ ਵਿਚ ਮੁਲਾਜ਼ਮਾਂ ਦੀ ਤਨਖਾਹ, ਘਰੇਲੂ ਪੱਧਰ 'ਤੇ ਪਾਸਪੋਰਟਸ ਦੀ ਡਿਲਿਵਰੀ ਦਾ ਪ੍ਰੋਸੈਸਿੰਗ ਖ਼ਰਚਾ ਅਤੇ ਇਨਫ਼ਰਮੇਸ਼ਨ ਟੈਕਨਾਲੋਜੀ ਦੇ ਖਰਚੇ ਸ਼ਾਮਲ ਹਨ। ਇੰਮੀਗ੍ਰੇਸ਼ਨ ਮਹਿਕਮੇ ਵੱਲੋਂ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਸਾਰੇ ਖਰਚੇ ਸ਼ਾਮਲ ਕੀਤੇ ਜਾਣ ਮਗਰੋਂ ਪਾਸਪੋਰਟ ਤਿਆਰ ਕਰਨ ਦੀ ਫ਼ੀਸ ਕਿੰਨੀ ਬਣਦੀ ਹੈ। ਦੂਜੇ ਪਾਸੇ ਐਨ.ਡੀ.ਪੀ. ਵੱਲੋਂ ਇੰਮੀਗ੍ਰੇਸ਼ਨ ਮਾਮਲਿਆਂ ਦੀ ਆਲੋਚਕ ਜੈਨੀ ਕਵੈਨ ਨੇ ਫ਼ੀਸ ਵਾਧੇ ਦਾ ਵਿਰੋਧ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਵੈਨਕੂਵਰ ਈਸਟ ਰਾਈਡਿੰਗ ਵਿਚ ਪਹਿਲਾਂ ਹੀ ਕੁਝ ਲੋਕਾਂ ਨੂੰ ਆਪਣੀ ਸ਼ਨਾਖ਼ਤ ਦਾ ਅਹਿਮ ਸਬੂਤ ਹਾਸਲ ਕਰਨ ਵਾਸਤੇ ਫ਼ੀਸ ਅਦਾ ਕਰਨੀ ਔਖੀ ਹੋ ਰਹੀ ਹੈ ਅਤੇ ਲਿਬਰਲ ਸਰਕਾਰ ਵੱਲੋਂ ਨਵਾਂ ਵਾਧਾ ਕਰ ਦਿਤਾ ਗਿਆ ਹੈ। ਕੰਜ਼ਰਵੇਟਿਵ ਪਾਰਟੀ ਵੱਲੋਂ * ਬਾਕੀ ਸਫ਼ਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

FOR ALL YOUR REAL ESTATE NEEDS



ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਸਪੇਨ ਵੱਲੋਂ ਅਮਰੀਕਾ ਨੂੰ ਝਟਕਾ: ਆਪਣੇ ਫੌਜੀ ਟਿਕਾਣਿਆਂ ਦੀ ਵਰਤੋਂ 'ਤੇ ਲਗਾਈ ਪਾਬੰਦੀ; 15 ਅਮਰੀਕੀ ਜਹਾਜ਼ ਕੀਤੇ ਵਾਪਸ

ਈਰਾਨ 'ਤੇ ਹਮਲਿਆਂ ਦੇ ਵਿਚਕਾਰ, ਸਪੇਨ ਨੇ ਅਮਰੀਕਾ ਨੂੰ ਵੱਡਾ ਝਟਕਾ ਦਿੱਤਾ। ਰੋਟਾ ਅਤੇ ਮੋਰੋਨ ਏਅਰਬੇਸਾਂ ਤੋਂ ਪੰਦਰਾਂ ਅਮਰੀਕੀ ਫੌਜੀ ਜਹਾਜ਼ ਵਾਪਸ ਕਰ ਦਿੱਤੇ ਗਏ। ਸਪੇਨ ਨੇ ਕਿਹਾ ਕਿ ਉਸਦੀ ਪ੍ਰਭੂਸੱਤਾ ਅਧੀਨ ਬੇਸਾਂ ਦੀ ਵਰਤੋਂ ਈਰਾਨ 'ਤੇ ਹਮਲਿਆਂ ਲਈ ਨਹੀਂ ਕੀਤੀ ਜਾਵੇਗੀ। ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਵਧਦੇ ਫੌਜੀ ਤਣਾਅ ਦੇ ਵਿਚਕਾਰ, ਸਪੇਨ ਨੇ ਅਮਰੀਕਾ ਨੂੰ ਇੱਕ ਸਪੱਸ਼ਟ ਸੰਦੇਸ਼ ਜਾਰੀ ਕੀਤਾ ਹੈ। ਸਪੇਨ ਨੇ ਸਪੱਸ਼ਟ ਕੀਤਾ ਹੈ ਕਿ ਉਸਦੀ ਪ੍ਰਭੂਸੱਤਾ ਅਧੀਨ ਸੰਚਾਲਿਤ ਸਾਂਝੇ ਫੌਜੀ ਠਿਕਾਣਿਆਂ ਦੀ ਵਰਤੋਂ ਈਰਾਨ 'ਤੇ ਹਮਲਿਆਂ ਲਈ ਨਹੀਂ ਕੀਤੀ ਜਾ ਸਕਦੀ। ਇਸ ਫੈਸਲੇ ਤੋਂ ਬਾਅਦ, ਘੱਟੋ-ਘੱਟ 15 ਅਮਰੀਕੀ ਫੌਜੀ ਜਹਾਜ਼ ਜਰਮਨੀ ਅਤੇ ਫਰਾਂਸ ਲਈ ਸਪੈਨਿਸ਼ ਠਿਕਾਣਿਆਂ ਤੋਂ ਰਵਾਨਾ ਹੁੰਦੇ ਦੇਖੇ ਗਏ।

ਸਪੇਨ ਦੇ ਵਿਦੇਸ਼ ਮੰਤਰੀ ਜੋਸ ਮੈਨੂਅਲ ਅਲਬਾਰੇਸ ਨੇ ਕਿਹਾ ਕਿ ਸਪੇਨ ਆਪਣੇ ਫੌਜੀ ਠਿਕਾਣਿਆਂ, ਜੋ ਕਿ ਅਮਰੀਕਾ ਅਤੇ ਸਪੇਨ ਦੁਆਰਾ ਸਾਂਝੇ ਤੌਰ 'ਤੇ ਸੰਚਾਲਿਤ ਹਨ ਪਰ ਸਪੈਨਿਸ਼ ਪ੍ਰਭੂਸੱਤਾ ਅਧੀਨ ਹਨ, ਨੂੰ ਈਰਾਨ 'ਤੇ ਹਮਲਿਆਂ ਲਈ ਵਰਤਣ ਦੀ ਇਜਾਜ਼ਤ ਨਹੀਂ ਦੇਵੇਗਾ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸਪੇਨ ਕਿਸੇ ਵੀ ਫੌਜੀ ਕਾਰਵਾਈ ਦਾ ਸਮਰਥਨ ਨਹੀਂ ਕਰੇਗਾ ਜੋ ਸੰਯੁਕਤ ਰਾਸ਼ਟਰ ਚਾਰਟਰ ਜਾਂ ਅਮਰੀਕਾ ਨਾਲ ਦੁਵੱਲੇ ਸਮਝੌਤਿਆਂ ਦੇ ਅਨੁਸਾਰ ਨਹੀਂ ਹੈ। ਫਲਾਈਟ ਟਰੈਕਿੰਗ ਵੈੱਬਸਾਈਟ FlIghtRadar24 ਦੇ ਅਨੁਸਾਰ, ਦੱਖਣੀ




ਸਪੇਨ ਦੇ ਰੋਟਾ ਅਤੇ ਮੋਰੋਨ ਹਵਾਈ ਅੱਡਿਆਂ ਤੋਂ ਘੱਟੋ-ਘੱਟ 15 ਅਮਰੀਕੀ ਜਹਾਜ਼ਾਂ ਨੇ ਉਡਾਣ ਭਰੀ ਹੈ। ਇਨ੍ਹਾਂ ਵਿੱਚੋਂ ਸੱਤ ਜਹਾਜ਼ਾਂ ਨੂੰ ਜਰਮਨੀ ਦੇ ਰਾਮਸਟਾਈਨ ਹਵਾਈ ਅੱਡਿਆਂ 'ਤੇ ਉਤਰਦੇ ਦੇਖਿਆ ਗਿਆ। ਰੋਟਾ ਅਤੇ ਮੋਰੋਨ ਦੋਵੇਂ ਫੌਜੀ ਅੱਡੇ ਅਮਰੀਕਾ ਅਤੇ ਸਪੇਨ ਦੁਆਰਾ ਸਾਂਝੇ ਤੌਰ 'ਤੇ ਚਲਾਏ ਜਾਂਦੇ ਹਨ, ਪਰ ਸਪੇਨ ਕੋਲ ਅੰਤਮ ਅਧਿਕਾਰ ਹੈ।

ਸ਼ੁਰੂਆਤ ਵਿੱਚ, ਬ੍ਰਿਟੇਨ ਨੇ ਵੀ ਈਰਾਨ 'ਤੇ ਹਮਲਿਆਂ ਲਈ ਆਪਣੇ ਫੌਜੀ ਠਿਕਾਣਿਆਂ ਦੀ ਵਰਤੋਂ ਕਰਨ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ, ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਬਾਅਦ ਵਿੱਚ 'ਸਮੂਹਿਕ ਸਵੈ-ਰੱਖਿਆ' ਦੇ ਤਹਿਤ ਸੀਮਤ ਵਰਤੋਂ ਨੂੰ ਮਨਜ਼ੂਰੀ ਦਿੱਤੀ। ਸਪੇਨੀ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਪਹਿਲਾਂ ਹੀ ਈਰਾਨ ਵਿੱਚ ਅਮਰੀਕਾ-ਇਜ਼ਰਾਈਲੀ ਫੌਜੀ ਕਾਰਵਾਈ ਦੀ ਆਲੋਚਨਾ ਕਰ ਚੁੱਕੇ ਹਨ। ਸਪੇਨ ਦਾ ਰੁਖ਼ ਪੱਛਮੀ ਏਸ਼ੀਆਈ ਸੰਕਟ ਦੇ ਵਿਚਕਾਰ ਇਸਨੂੰ ਯੂਰਪ ਦੇ ਅੰਦਰ ਇੱਕ ਵਿਲੱਖਣ ਸਥਿਤੀ ਵਿੱਚ ਰੱਖਦਾ ਹੈ ਅਤੇ ਵਾਸ਼ਿੰਗਟਨ ਨਾਲ ਸਬੰਧਾਂ ਵਿੱਚ ਤਣਾਅ ਵਧਣ ਦਾ ਖਦਸ਼ਾ ਹੈ।

# ਅਮਰੀਕਾ ਨੇ ਇਰਾਨ 'ਚ ਵੱਡੀ ਜੰਗੀ ਕਾਰਵਾਈ ਸ਼ੁਰੂ ਕੀਤੀ: ਟਰੰਪ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਸੰਯੁਕਤ ਰਾਜ ਅਮਰੀਕਾ ਨੇ ਇਰਾਨ ਵਿੱਚ ਵੱਡੀ ਜੰਗੀ ਕਾਰਵਾਈ (Major Combat Operations) ਸ਼ੁਰੂ ਕਰ ਦਿੱਤੀ ਹੈ। ਟਰੰਪ ਦਾ ਇਹ ਬਿਆਨ ਇਜ਼ਰਾਈਲ ਵੱਲੋਂ ਇਰਾਨ 'ਤੇ ਕੀਤੇ ਗਏ ਹਵਾਈ ਹਮਲਿਆਂ ਤੋਂ ਤੁਰੰਤ ਬਾਅਦ ਆਇਆ ਹੈ। ਟਰੰਪ ਦੇ ਇਸ ਐਲਾਨ ਦਾ ਮਤਲਬ ਹੈ ਕਿ ਹੁਣ ਅਮਰੀਕੀ ਫ਼ੌਜ ਸਿੱਧੇ ਤੌਰ 'ਤੇ ਇਰਾਨ ਵਿਰੁੱਧ ਜੰਗ ਦੇ ਮੈਦਾਨ ਵਿੱਚ ਉਤਰ ਚੁੱਕੀ ਹੈ। ਇਸ ਫੈਸਲੇ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਮੱਧ ਪੂਰਬ ਵਿੱਚ ਵੱਡੇ ਪੱਧਰ 'ਤੇ ਜੰਗ ਦਾ ਖ਼ਤਰਾ ਪੈਦਾ ਹੋ ਗਿਆ ਹੈ। ਅਮਰੀਕਾ ਤੇ ਇਜ਼ਰਾਈਲ ਨੇ ਇਰਾਨ 'ਤੇ ਹਵਾਈ ਤੇ ਸਮੁੰਦਰੀ ਰਸਤੇ ਹਮਲੇ ਸ਼ੁਰੂ ਕਰ ਦਿੱਤੇ ਹਨ।



## ਇਰਾਨ ਵੱਲੋਂ ਅਮਰੀਕੀ ਫੌਜਾਂ ਨੂੰ ਹਮਲਾ ਨਾ ਕਰਨ ਦੀ ਚਿਤਾਵਨੀ

ਇਰਾਨ ਵਿਚ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਹਿੰਸਕ ਰੂਪ ਧਾਰ ਗਏ ਹਨ। ਇਸ ਦੌਰਾਨ ਅਮਰੀਕਾ ਨੇ ਕਿਹਾ ਹੈ ਕਿ ਜੇ ਇਰਾਨ ਦੀ ਸਰਕਾਰ ਪ੍ਰਦਰਸ਼ਨਕਾਰੀਆਂ 'ਤੇ ਕਾਰਵਾਈ ਕਰਦੀ ਹੈ ਤਾਂ ਫੌਜੀ ਕਾਰਵਾਈ ਹੋ ਸਕਦੀ ਹੈ। ਇਸ ਸਬੰਧੀ ਅਮਰੀਕੀ ਅਧਿਕਾਰੀਆਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਉਥੋਂ ਦੀ ਹਾਲਤ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਇਰਾਨ ਦੇ ਸੰਸਦੀ ਸਪੀਕਰ ਨੇ ਚਿਤਾਵਨੀ ਦਿੱਤੀ ਕਿ ਜੇਕਰ ਅਮਰੀਕਾ ਇਸਲਾਮਿਕ ਦੇਸ਼ 'ਤੇ ਹਮਲਾ ਕਰਦਾ ਹੈ ਤਾਂ ਇਰਾਨ ਵਲੋਂ ਅਮਰੀਕੀ ਫੌਜ ਅਤੇ ਇਜ਼ਰਾਈਲ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਇਰਾਨ ਦੇ ਸੁਪਰੀਮ ਆਗੂ ਅਯਾਤੁੱਲਾ ਅਲੀ ਖਮੇਨੀ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਜਾਰੀ ਹਨ ਤੇ ਇਰਾਨ ਸਰਕਾਰ ਨੇ ਇਕ ਦਿਨ ਪਹਿਲਾਂ ਪ੍ਰਦਰਸ਼ਨਕਾਰੀਆਂ ਨੂੰ ਚਿਤਾਵਨੀ ਦਿੱਤੀ ਸੀ ਕਿ ਜਿਹੜਾ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰੇਗਾ, ਉਸ ਨੂੰ ਅੱਲ੍ਹਾ ਦਾ ਦੁਸ਼ਮਣ ਮੰਨਿਆ ਜਾਵੇਗਾ ਤੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਇਰਾਨ ਵਿਚ ਪ੍ਰਦਰਸ਼ਨਾਂ ਨੇ ਹਿੰਸਕ ਰੂਪ ਧਾਰ ਲਿਆ ਹੈ ਜਿਸ ਕਾਰਨ ਇਰਾਨ ਦੇ ਆਗੂ ਨੇ ਹੁਣ ਦੇਸ਼ ਦੀ ਕਮਾਨ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕਾਰਪਸ (ਆਈਆਰਜੀਸੀ) ਨੂੰ ਸੌਂਪ ਦਿੱਤੀ ਹੈ। ਇਰਾਨ ਨੇ ਆਪਣੇ ਅੰਡਰਗਰਾਊਂਡ ਮਿਜ਼ਾਈਲ ਯੂਨਿਟ ਨੂੰ ਵੀ ਸਰਗਰਮ ਰਹਿਣ ਦੇ ਹੁਕਮ ਦੇ ਦਿੱਤੇ ਹਨ। ਇਹ ਕਿਆਸ ਲਾਏ ਜਾ ਰਹੇ ਹਨ ਕਿ ਜੇ ਕਿਸੇ ਹੋਰ ਦੇਸ਼ ਨੇ ਦਖਲਅੰਦਾਜ਼ੀ ਕੀਤੀ ਤਾਂ ਇਰਾਨ ਇਨ੍ਹਾਂ ਮਿਜ਼ਾਇਲਾਂ ਦੀ ਵਰਤੋਂ ਕਰ ਸਕਦਾ ਹੈ। ਇਕ ਮੈਗਜ਼ੀਨ ਵਿਚ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਰਾਨ ਦੀ ਰਾਜਧਾਨੀ ਵਿਚ ਹੀ ਦੋ ਸੌ ਤੋਂ ਜ਼ਿਆਦਾ ਜਣਿਆਂ ਦੀ ਮੌਤ ਹੋ ਚੁੱਕੀ ਹੈ ਤੇ ਇਹ ਮੌਤਾਂ ਗੋਲੀ ਲੱਗਣ ਨਾਲ ਹੋਈਆਂ ਹਨ। ਇਰਾਨ ਵਿੱਚ ਇੰਟਰਨੈਟ ਸੇਵਾਵਾਂ ਬੰਦ ਹਨ ਅਤੇ ਫੋਨ ਲਾਈਨਾਂ ਕੱਟ ਦਿੱਤੀਆਂ ਗਈਆਂ ਹਨ ਜਿਸ ਕਾਰਨ ਪ੍ਰਦਰਸ਼ਨਾਂ ਦਾ ਮੁਲਾਂਕਣ ਕਰਨਾ ਹੋਰ ਵੀ ਮੁਸ਼ਕਲ ਹੋ ਗਿਆ ਹੈ।

# ਟਰੰਪ ਦੀ ਹੱਤਿਆ ਦੀ ਸਾਜ਼ਿਸ਼ ਰਚਣ ਵਾਲਾ ਇਰਾਨੀ ਯੂਨਿਟ ਦਾ ਮੁਖੀ ਹਲਾਕ



ਇਜ਼ਰਾਈਲ ਅਤੇ ਅਮਰੀਕਾ ਵੱਲੋਂ ਇਰਾਨ ਵਿਰੁੱਧ ਛੇੜੀ ਗਈ ਜੰਗ ਚੌਥੇ ਦਿਨ ਵੀ ਜਾਰੀ ਹੈ। ਅਮਰੀਕਾ ਦੇ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਅੱਜ ਕਿਹਾ ਹੈ ਕਿ ਅਮਰੀਕੀ ਫੌਜ ਨੇ ਉਸ ਇਰਾਨੀ ਯੂਨਿਟ ਦੇ ਲੀਡਰ ਨੂੰ ਮਾਰ ਦਿੱਤਾ ਹੈ, ਜਿਸ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਹੱਤਿਆ ਦੀ ਸਾਜ਼ਿਸ਼ ਰਚੀ ਸੀ। ਹਾਲਾਂਕਿ ਰੱਖਿਆ ਮੰਤਰੀ ਨੇ ਉਸ ਵਿਅਕਤੀ ਦੇ ਨਾਮ ਦਾ ਖੁਲਾਸਾ ਨਹੀਂ ਕੀਤਾ ਪਰ ਉਨ੍ਹਾਂ ਦੱਸਿਆ ਕਿ ਇਹ ਕਾਰਵਾਈ ਮੰਗਲਵਾਰ ਨੂੰ ਕੀਤੀ ਗਈ ਸੀ।

ਇਰਾਨ ਦੇ ਸਾਬਕਾ ਸੁਪਰੀਮ ਲੀਡਰ ਆਇਤੁੱਲਾ ਅਲੀ ਖਮੇਨੀ ਦੀ ਹਮਲੇ ਵਿੱਚ ਮੌਤ ਤੋਂ ਬਾਅਦ ਹੁਣ ਦੇਸ਼ ਦੀ ਵਾਗਡੋਰ ਸੰਭਾਲਣ ਲਈ ਉਨ੍ਹਾਂ ਦੇ ਪੁੱਤਰ ਮੁਜਤਬਾ ਖਮੇਨੀ ਦਾ ਨਾਮ ਸਭ ਤੋਂ ਅੱਗੇ ਆ ਰਿਹਾ ਹੈ। ਹਾਲਾਂਕਿ ਮੁਜਤਬਾ ਕਦੇ ਵੀ ਕਿਸੇ ਸਰਕਾਰੀ ਅਹੁਦੇ 'ਤੇ ਨਹੀਂ ਰਹੇ ਪਰ ਉਹ ਆਪਣੇ ਪਿਤਾ ਦੇ ਬਹੁਤ ਕਰੀਬੀ ਰਹੇ ਹਨ ਅਤੇ ਲੰਬੇ ਸਮੇਂ ਤੋਂ ਪਰਦੇ ਦੇ ਪਿੱਛੇ ਰਹਿ ਕੇ ਦੇਸ਼ ਦੀ ਰਾਜਨੀਤੀ ਵਿੱਚ ਵੱਡਾ ਪ੍ਰਭਾਵ ਰੱਖਦੇ ਹਨ। ਹਮਲੇ ਤੋਂ ਬਾਅਦ ਉਹ ਜਨਤਕ ਤੌਰ 'ਤੇ ਨਜ਼ਰ ਨਹੀਂ ਆਏ ਅਤੇ ਮੰਨਿਆ ਜਾ ਰਿਹਾ ਹੈ ਕਿ ਸੁਰੱਖਿਆ ਕਾਰਨਾਂ ਕਰਕੇ ਉਹ ਕਿਸੇ ਗੁਪਤ ਥਾਂ 'ਤੇ ਰਹਿ ਰਹੇ ਹਨ। ਅਮਰੀਕਾ ਅਤੇ ਇਜ਼ਰਾਈਲ ਨਾਲ ਚੱਲ ਰਹੀ ਜੰਗ ਦਰਮਿਆਨ ਇਰਾਨੀ ਸਰਕਾਰੀ ਏਜੰਸੀ ਨੇ ਅੱਜ ਮੌਤਾਂ ਦੇ ਅਧਿਕਾਰਤ ਅੰਕੜੇ ਜਾਰੀ ਕੀਤੇ ਹਨ। ਇਰਾਨ ਦੀ 'ਫਾਊਂਡੇਸ਼ਨ ਆਫ਼ ਮਾਰਟਾਇਰਸ ਐਂਡ ਵੈਟਰਨਜ਼ ਅਫੇਅਰਜ਼ ਅਨੁਸਾਰ ਇਸ ਜੰਗ ਵਿੱਚ ਹੁਣ ਤੱਕ ਘੱਟੋ-ਘੱਟ 1,045 ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਇਹ ਉਹ ਲੋਕ ਹਨ ਜਿਨ੍ਹਾਂ ਦੀਆਂ ਦੇਹਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਉਨ੍ਹਾਂ ਨੂੰ ਦਫ਼ਨਾਉਣ ਦੀ ਤਿਆਰ ਕਰ ਲਈ ਗਈ ਹੈ। ਮੁਜਤਬਾ ਖਮੇਨੀ ਦੇ ਪਿਤਾ ਅਤੇ ਪਤਨੀ ਦੀ ਹਮਲੇ ਦੌਰਾਨ ਮੌਤ ਹੋ ਗਈ ਹੈ, ਜਿਸ ਕਾਰਨ ਇਰਾਨ ਦੇ ਕੱਟੜਪੰਥੀ ਨੇਤਾਵਾਂ ਅਤੇ ਫੌਜ ਦੀਆਂ ਨਜ਼ਰਾਂ ਵਿੱਚ ਉਨ੍ਹਾਂ ਦਾ ਮਾਣ-ਸਤਿਕਾਰ ਵਧ ਗਿਆ ਹੈ। ਇਰਾਨ ਦੀ 'ਅਸੈਂਬਲੀ ਆਫ਼ ਐਕਸਪਰਟਸ ਅਜਿਹੇ ਵਿਅਕਤੀ ਨੂੰ ਚੁਣ ਸਕਦੀ ਹੈ ਜੋ ਜੰਗ ਦੇ ਇਸ ਔਖੇ ਸਮੇਂ ਵਿੱਚ ਦੇਸ਼ ਨੂੰ ਸੰਭਾਲ ਸਕੇ ਅਤੇ ਫੌਜ ਨਾਲ ਤਾਲਮੇਲ ਬਣਾ ਕੇ ਰੱਖ ਸਕੇ।










# ਗੁਰਦਾਸਪੁਰ ਐਨਕਾਊਂਟਰ ਮਾਮਲੇ 'ਚ ਡੀ.ਜੀ.ਪੀ. ਗੌਰਵ ਯਾਦਵ ਤਲਬ



ਚੰਡੀਗੜ੍ਹ: ਗੁਰਦਾਸਪੁਰ ਦੇ ਰਣਜੀਤ ਸਿੰਘ ਦੇ ਐਨਕਾਊਂਟਰ ਮਾਮਲੇ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਖੁਦ ਨੋਟਿਸ ਲੈਂਦੇ ਹੋਏ ਸਖ਼ਤ ਹੁਕਮ ਦਿੱਤੇ ਹਨ। ਇਸ ਮੌਕੇ ਅਦਾਲਤ ਵਲੋਂ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੂੰ ਨੋਟਿਸ ਜਾਰੀ ਕਰਕੇ ਤਲਬ ਕੀਤਾ ਹੈ। ਕੋਰਟ ਨੇ ਡੀਜੀਪੀ ਨੂੰ 17 ਮਾਰਚ ਨੂੰ ਪੇਸ਼ ਹੋ ਕੇ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ ਹੈ।

**ਅਦਾਲਤ ਨੇ ਪੁਲਿਸ ਨੂੰ ਸਖ਼ਤ ਸ਼ਬਦਾਂ ਵਿੱਚ ਦਿੱਤੀ ਚਿਤਾਵਨੀ –**

ਕਾਨੂੰਨ ਹੱਥ ਵਿੱਚ ਨਾ ਲਓ। ਅਦਾਲਤ ਨੇ ਕਿਹਾ ਕਿ ਮੁਲਜ਼ਮ ਨੂੰ ਸਜ਼ਾ ਦੇਣਾ ਅਦਾਲਤ ਦਾ ਕੰਮ ਹੈ, ਪੁਲਿਸ ਨੂੰ ਖੁਦ ਅਦਾਲਤ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਅਦਾਲਤ ਨੇ ਕਿਹਾ ਕਿ ਅਸੀਂ ਆਪਣੀਆਂ ਅੱਖਾਂ ਬੰਦ ਨਹੀਂ ਰੱਖ ਸਕਦੇ, ਉਹ ਸਿਰਫ਼ 18–19 ਸਾਲ ਦਾ ਬੱਚਾ ਸੀ।

ਅਦਾਲਤ ਨੇ ਸਵਾਲ ਚੁੱਕਿਆ ਕਿ ਅਕਸਰ ਐਨਕਾਊਂਟਰਾਂ ਦੀ ਕਹਾਣੀ ਇੱਕੋ ਜਿਹੀ ਕਿਉਂ ਹੁੰਦੀ ਹੈ? ਸੁਣਵਾਈ ਦੌਰਾਨ ਵਕੀਲ ਨੇ ਦੱਸਿਆ ਕਿ ਨਵੰਬਰ ਤੋਂ ਜਨਵਰੀ ਤੱਕ ਹੋਏ ਲਗਭਗ 34 ਐਨਕਾਊਂਟਰਾਂ ਦੀ ਕਹਾਣੀ ਇੱਕ–ਦੂਜੇ ਨਾਲ ਮਿਲਦੀ–ਜੁਲਦੀ ਹੈ।

ਡੀਜੀਪੀ ਪੰਜਾਬ (DGP) ਨੇ ਅਦਾਲਤ ਨੂੰ ਸੂਚਿਤ ਕੀਤਾ ਕਿ ਇਸ ਮਾਮਲੇ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ (SIT) ਬਣਾ ਦਿੱਤੀ ਗਈ ਹੈ ਅਤੇ ਇਹ ਮਾਮਲਾ ਪਹਿਲਾਂ ਹੀ ਸੀ.ਜੇ.ਐਮ (CJM) ਗੁਰਦਾਸਪੁਰ ਦੇ ਧਿਆਨ ਵਿੱਚ ਹੈ।

ਹਾਈਕੋਰਟ ਨੇ ਪੂਰੇ ਮਾਮਲੇ ਦੀ ਵਿਸਤ੍ਰਿਤ (Detailed) ਰਿਪੋਰਟ ਮੰਗੀ ਹੈ ਅਤੇ ਡੀਜੀਪੀ ਨੂੰ ਦੋ ਹਫ਼ਤਿਆਂ ਵਿੱਚ ਆਪਣਾ ਜਵਾਬ ਦਾਇਰ ਕਰਨ ਲਈ ਕਿਹਾ ਹੈ. ਅਦਾਲਤ ਨੇ ਇਹ ਵੀ ਕਿਹਾ ਕਿ ਪੁਲਿਸ ਅਸਲ ਦੋਸ਼ੀਆਂ ਅਤੇ ਅਜਿਹੇ ਮਾਮਲਿਆਂ ਦੇ ਪਿੱਛੇ ਮੌਜੂਦ ਲੋਕਾਂ ਨੂੰ ਲੱਭਣ 'ਤੇ ਧਿਆਨ ਦੇਵੇ।

# ਈਰਾਨ ਦੇ ਨਵੇਂ ਸੁਪਰੀਮ ਲੀਡਰ ਹੋਣਗੇ ਅਗਲਾ ਨਿਸ਼ਾਨਾ!

## ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਦਿੱਤੀ ਚੇਤਾਵਨੀ



ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਧਮਕੀ ਦਿੱਤੀ ਹੈ ਕਿ ਈਰਾਨ ਜਿਸ ਕਿਸੇ ਨੂੰ ਵੀ ਦੇਸ਼ ਦਾ ਅਗਲਾ ਸੁਪਰੀਮ ਲੀਡਰ ਚੁਣੇਗਾ, ਉਹ ਨਿਸ਼ਾਨਾ ਬਣੇਗਾ। ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਬੁੱਧਵਾਰ ਦੇ ਐਕਸ 'ਤੇ ਇੱਕ ਪੋਸਟ ਵਿੱਚ ਇਹ ਬਿਆਨ ਦਿੱਤਾ ਹੈ।

ਇਜ਼ਰਾਈਲ ਕਾਟਜ਼ ਨੇ ਲਿਖਿਆ, ਈਰਾਨੀ ਅੱਤਵਾਦੀ ਸ਼ਾਸਨ ਦੁਆਰਾ ਇਜ਼ਰਾਈਲ ਨੂੰ ਤਬਾਹ ਕਰਨ, ਅਮਰੀਕਾ, ਆਜ਼ਾਦ ਦੁਨੀਆ, ਖੇਤਰ ਦੇ ਦੇਸ਼ਾਂ ਨੂੰ ਧਮਕੀ ਦੇਣ ਅਤੇ ਈਰਾਨੀ ਲੋਕਾਂ 'ਤੇ ਜ਼ੁਲਮ ਕਰਨ ਦੀ ਆਪਣੀ ਯੋਜਨਾ ਨੂੰ ਜਾਰੀ ਰੱਖਣ ਅਤੇ ਅਗਵਾਈ ਕਰਨ ਲਈ ਨਿਯੁਕਤ ਕੀਤਾ ਗਿਆ ਹਰ ਨੇਤਾ ਸਾਡਾ ਨਿਸ਼ਾਨਾ ਹੋਵੇਗਾ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਅ ਅਤੇ ਅਸਥਿਰਤਾ ਦੇ ਵਿਚਕਾਰ, ਈਰਾਨ ਦੇ ਸ਼ਕਤੀ ਢਾਂਚੇ ਬਾਰੇ ਇੱਕ ਮਹੱਤਵਪੂਰਨ ਵਿਕਾਸ ਸਾਹਮਣੇ ਆਇਆ ਹੈ। ਤਹਿਰਾਨ ਸਥਿਤ ਮਾਹਿਰਾਂ ਦੀ ਅਸੈਂਬਲੀ ਨੇ 56 ਸਾਲਾ ਮੋਜਤਬਾ ਖਮੇਨੀ ਨੂੰ ਦੇਸ਼ ਦੇ ਨਵੇਂ ਸੁਪਰੀਮ ਲੀਡਰ ਵਜੋਂ ਚੁਣਨ ਦਾ ਐਲਾਨ ਕੀਤਾ ਹੈ। ਮੋਜਤਬਾ ਸਵਰਗੀ ਸਾਬਕਾ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੀ ਦਾ ਸਭ ਤੋਂ ਵੱਡਾ ਪੁੱਤਰ ਹੈ।

ਅਮਰੀਕਾ ਅਤੇ ਇਜ਼ਰਾਈਲੀ ਹਮਲਿਆਂ ਵਿੱਚ ਅਲੀ ਖਮੇਨੀ ਦੀ ਹਾਲ ਹੀ ਵਿੱਚ ਹੋਈ ਮੌਤ ਤੋਂ ਬਾਅਦ ਨਵੀਂ ਲੀਡਰਸ਼ਿਪ ਬਾਰੇ ਅਟਕਲਾਂ ਤੇਜ਼ ਹੋ ਗਈਆਂ ਸਨ। ਕਿਹਾ ਜਾਂਦਾ ਹੈ ਕਿ ਮੋਜਤਬਾ ਨੂੰ ਈਰਾਨੀ ਰੈਵੋਲਿਊਸ਼ਨਰੀ ਗਾਰਡ ਕੋਰ ਦਾ ਸਮਰਥਨ ਪ੍ਰਾਪਤ ਹੈ, ਜਿਸਨੇ ਉਸਦੀ ਉਮੀਦਵਾਰੀ ਨੂੰ ਮਜ਼ਬੂਤ ਕੀਤਾ, ਹਾਲਾਂਕਿ ਉਸਨੇ ਕੋਈ ਵੱਡਾ ਧਾਰਮਿਕ ਅਹੁਦਾ ਨਹੀਂ ਸੰਭਾਲਿਆ ਹੈ। ਰਿਪੋਰਟਾਂ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਉਸਦੀ ਚੋਣ IRGC ਦੁਆਰਾ ਪ੍ਰਭਾਵਿਤ ਸੀ।

ਮੋਜਤਬਾ ਦੀ ਨਿਯੁਕਤੀ ਨੇ ਕਈ ਸਵਾਲ ਖੜ੍ਹੇ ਕੀਤੇ ਹਨ, ਕਿਉਂਕਿ ਈਰਾਨ ਦੇ ਇਸਲਾਮੀ ਗਣਰਾਜ ਨੇ ਲੰਬੇ ਸਮੇਂ ਤੋਂ ਵੰਸ਼ਵਾਦ ਦੀ ਰਾਜਨੀਤੀ ਦੀ ਆਲੋਚਨਾ ਕੀਤੀ ਹੈ ਅਤੇ ਆਪਣੇ ਆਪ ਨੂੰ ਇੱਕ ਸਿਧਾਂਤਕ ਪ੍ਰਣਾਲੀ ਵਜੋਂ ਪੇਸ਼ ਕੀਤਾ ਹੈ। ਇਹ ਵੀ ਸਾਹਮਣੇ ਆਇਆ ਹੈ ਕਿ ਪਿਛਲੇ ਸਾਲ ਅਲੀ ਖਮੇਨੀ ਨੇ ਸੰਭਾਵਿਤ ਉੱਤਰਾਧਿਕਾਰੀਆਂ ਦੀ ਸੂਚੀ ਵਿੱਚ ਮੋਜਤਬਾ ਦਾ ਨਾਮ ਸ਼ਾਮਿਲ ਨਹੀਂ ਕੀਤਾ ਸੀ। ਇਸ ਦੇ ਨਾਲ ਹੀ, ਸ਼ੀਆ ਧਾਰਮਿਕ ਪਰੰਪਰਾ ਵਿੱਚ ਪਿਤਾ ਤੋਂ ਪੁੱਤਰ ਨੂੰ ਸੱਤਾ ਦਾ ਤਬਾਦਲਾ ਆਮ ਤੌਰ 'ਤੇ ਸਵੀਕਾਰਯੋਗ ਨਹੀਂ ਮੰਨਿਆ ਜਾਂਦਾ ਹੈ, ਜਿਸ ਕਾਰਨ ਇਸ ਫੈਸਲੇ ਨੂੰ ਹੋਰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ।

# ਗੋਲੀਬਾਰੀ 'ਚ ਭਾਰਤੀ ਵਿਦਿਆਰਥਣ ਸਣੇ ਚਾਰ ਹਲਾਕ

## ਅੱਤਵਾਦੀ ਹਮਲੇ ਵਜੋਂ ਘਟਨਾ ਦੀ ਜਾਂਚ ਕਰ ਰਹੀ ਹੈ ਆਸਟਿਨ ਪੁਲੀਸ



ਅਮਰੀਕਾ ਦੇ ਆਸਟਿਨ ਸ਼ਹਿਰ 'ਚ ਇੱਕ ਬਾਰ ਦੇ ਬਾਹਰ ਹੋਈ ਗੋਲੀਬਾਰੀ 'ਚ ਮਾਰੇ ਗਏ ਚਾਰ ਜਣਿਆਂ 'ਚ 21 ਸਾਲਾ ਭਾਰਤੀ–ਅਮਰੀਕੀ ਵਿਦਿਆਰਥਣ ਵੀ ਸ਼ਾਮਲ ਹੈ। ਇਸ ਘਟਨਾ ਦੀ ਜਾਂਚ ਸੰਭਾਵੀ ਅਤਿਵਾਦੀ ਹਮਲੇ ਵਜੋਂ ਕੀਤੀ ਜਾ ਰਹੀ ਹੈ। ਆਸਟਿਨ 'ਚ ਰਹਿੰਦੀ ਅਤੇ ਟੈਕਸਾਸ ਯੂਨੀਵਰਸਿਟੀ 'ਚ ਪੜ੍ਹ ਰਹੀ ਵਿਦਿਆਰਥਣ ਸਵਿਤਾ ਸ਼ਾਨ ਲੰਘੇ ਐਤਵਾਰ ਵੈਸਟ ਸਿਕਸਥ ਸਟ੍ਰੀਟ ਦੇ ਭੀੜ–ਭੜੱਕੇ ਵਾਲੇ ਇਲਾਕੇ 'ਚ ਹਮਲਾਵਰ ਵੱਲੋਂ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ 'ਚ ਮਾਰੀ ਗਈ। ਸਵਿਤਾ ਗਰੈਜੂਏਸ਼ਨ ਕਰ ਰਹੀ ਸੀ। ਯੂਨੀਵਰਸਿਟੀ ਅਧਿਕਾਰੀਆਂ ਨੇ ਉਸ ਨੂੰ ਮੈਨੇਜਮੈਂਟ ਸੂਚਨਾ ਪ੍ਰਣਾਲੀ ਅਤੇ ਅਰਥ ਸ਼ਾਸਤਰ ਦੀ ਬਿਹਤਰੀਨ ਵਿਦਿਆਰਥਣ ਦੱਸਿਆ ਸੀ। ਐੱਫ ਬੀ ਆਈ ਦੀ ਸਾਂਝੀ ਅਤਿਵਾਦੀ ਟਾਸਕ ਫੋਰਸ ਦੀ ਅਗਵਾਈ ਹੇਠ ਫੈਡਰਲ ਅਥਾਰਿਟੀ ਘਟਨਾ ਦੀ ਜਾਂਚ ਕਰ ਰਹੀ ਹੈ। ਹਮਲੇ ਦਾ ਸ਼ੱਕੀ 53 ਸਾਲਾ ਡਿਆਗਾ ਡਿਆਗਨੇ, ਸੈਨੇਗਲ ਮੂਲ ਦਾ ਅਮਰੀਕੀ ਨਾਗਰਿਕ ਸੀ ਜੋ ਪੁਲੀਸ ਕਾਰਵਾਈ 'ਚ ਘਟਨਾ ਸਥਾਨ 'ਤੇ ਮਾਰਿਆ ਗਿਆ। ਗੋਲੀਬਾਰੀ 'ਚ 14 ਜਣੇ ਜ਼ਖ਼ਮੀ ਵੀ ਹੋਏ ਜਿਨ੍ਹਾਂ 'ਚ ਜ਼ਿਆਦਾਤਰ ਵਿਦਿਆਰਥੀ ਸਨ।

ਆਸਟਿਨ ਦੀ ਪੁਲੀਸ ਮੁਖੀ ਲਿਜ਼ਾ ਡੇਵਿਸ ਨੇ ਲੰਘੀ ਦੁਪਹਿਰ ਪ੍ਰੈੱਸ ਵਾਰਤਾ 'ਚ ਘਟਨਾ ਸਥਾਨ 'ਤੇ ਮਾਰੇ ਗਏ ਦੋ ਜਣਿਆਂ ਦੀ ਪਛਾਣ ਰਾਈਡਰ ਹੈਰਿੰਗਟਨ (19) ਅਤੇ ਸ਼ਾਨ ਵਜੋਂ ਕੀਤੀ ਹੈ। ਲੰਘੇ ਐਤਵਾਰ ਵਾਪਰੀ ਇਸ ਘਟਨਾ ਮਗਰੋਂ ਟੈਕਸਸ 'ਚ ਭਾਰਤੀ–ਅਮਰੀਕੀ ਭਾਈਚਾਰਾ ਸੋਗ 'ਚ ਹੈ। ਇਸ ਹੱਤਿਆ ਨੇ ਆਸਟਿਨ ਦੇ ਵੱਡੇ ਭਾਰਤੀ ਪਰਵਾਸੀ ਭਾਈਚਾਰੇ, ਖਾਸ ਤੌਰ 'ਤੇ ਵਿਦਿਆਰਥਣਾਂ ਤੇ 'ਸਿਲੀਕਾਨ ਹਿੱਲਜ਼' ਖਿੱਤੇ 'ਚ ਕੰਮ ਕਰਦੇ ਤਕਨੀਕੀ ਪੇਸ਼ੇਵਰਾਂ ਨੂੰ ਹਿਲਾ ਦਿੱਤਾ ਹੈ। ਟੈਕਸਸ ਯੂਨੀਵਰਸਿਟੀ ਦੇ ਬੁਲਾਰੇ ਨੇ ਪੁਸ਼ਟੀ ਕੀਤੀ ਕਿ ਸ਼ਾਨ ਦਾ ਉਪ ਨਾਂ ਸ਼ਣਮੁਗਸੁੰਦਰਮ ਸੀ।

# ਫੌਜੀ ਟਕਰਾਅ ਨਾਲ ਕੋਈ ਵੀ ਮੁੱਦਾ ਹੱਲ ਨਹੀਂ ਹੋ ਸਕਦਾ: PM ਮੋਦੀ



ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਪੱਛਮੀ ਏਸ਼ੀਆ ਅਤੇ ਯੂਕਰੇਨ ਵਿੱਚ ਚੱਲ ਰਹੇ ਟਕਰਾਵਾਂ ਦਾ "ਜਲਦੀ ਅੰਤ" ਕਰਨ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਕੋਈ ਵੀ ਮੁੱਦਾ ਫੌਜੀ ਟਕਰਾਅ ਰਾਹੀਂ ਹੱਲ ਨਹੀਂ ਹੋ ਸਕਦਾ।

ਮੋਦੀ ਨੇ ਇਹ ਟਿੱਪਣੀਆਂ ਫਿਨਲੈਂਡ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਸਟੱਬ ਨਾਲ ਵਿਆਪਕ ਗੱਲਬਾਤ ਕਰਨ ਤੋਂ ਬਾਅਦ ਕੀਤੀਆਂ। ਉਨ੍ਹਾਂ ਕਿਹਾ, "ਭਾਰਤ ਅਤੇ ਫਿਨਲੈਂਡ ਦੋਵੇਂ ਕਾਨੂੰਨ ਦੇ ਸ਼ਾਸਨ, ਗੱਲਬਾਤ ਅਤੇ ਕੂਟਨੀਤੀ ਵਿੱਚ ਵਿਸ਼ਵਾਸ ਰੱਖਦੇ ਹਨ। ਅਸੀਂ ਸਹਿਮਤ ਹਾਂ ਕਿ ਕੋਈ ਵੀ ਮੁੱਦਾ ਸਿਰਫ਼ ਫੌਜੀ ਟਕਰਾਅ ਰਾਹੀਂ ਹੱਲ ਨਹੀਂ ਹੋ ਸਕਦਾ।"

ਮੋਦੀ ਨੇ ਇੱਕ ਮੀਡੀਆ ਬਿਆਨ ਵਿੱਚ ਕਿਹਾ, "ਚਾਹੇ ਇਹ ਯੂਕਰੇਨ ਹੋਵੇ ਜਾਂ ਪੱਛਮੀ ਏਸ਼ੀਆ, ਅਸੀਂ ਟਕਰਾਵਾਂ ਦੇ ਛੇਤੀ ਅੰਤ ਅਤੇ ਸ਼ਾਂਤੀ ਵੱਲ ਹਰ ਕੋਸ਼ਿਸ਼ ਦਾ ਸਮਰਥਨ ਕਰਦੇ ਰਹਾਂਗੇ।"

ਗੱਲਬਾਤ ਦੌਰਾਨ, ਦੋਵੇਂ ਧਿਰਾਂ ਭਾਰਤ–ਫਿਨਲੈਂਡ ਸਬੰਧਾਂ ਨੂੰ ਡਿਜੀਟਲਾਈਜ਼ੇਸ਼ਨ ਅਤੇ ਟਿਕਾਊ ਵਿਕਾਸ ਦੇ ਖੇਤਰਾਂ ਵਿੱਚ ਇੱਕ ਰਣਨੀਤਕ ਭਾਈਵਾਲੀ ਤੱਕ ਉੱਚਾ ਚੁੱਕਣ ਲਈ ਵੀ ਸਹਿਮਤ ਹੋਈਆਂ।

ਉਨ੍ਹਾਂ ਕਿਹਾ, "ਏਆਈ (ਸੂਚਨਾ ਤਕਨਾਲੋਜੀ) ਤੋਂ ਲੈ ਕੇ 6ਘ ਦੂਰਸੰਚਾਰ ਤੱਕ, ਸਾਫ਼ ਊਰਜਾ ਤੋਂ ਲੈ ਕੇ ਕੁਆਂਟਮ ਕੰਪਿਊਟਿੰਗ ਤੱਕ, ਇਹ ਸਾਂਝੇਦਾਰੀ ਤਕਨਾਲੋਜੀ ਦੇ ਕਈ ਖੇਤਰਾਂ ਵਿੱਚ ਸਾਡੇ ਸਹਿਯੋਗ ਨੂੰ ਗਤੀ ਅਤੇ ਊਰਜਾ ਪ੍ਰਦਾਨ ਕਰੇਗੀ।"ਮੋਦੀ ਨੇ ਕਿਹਾ ਕਿ ਭਾਰਤ–ਈਯੂ ਮੁਕਤ ਵਪਾਰ ਸਮਝੌਤਾ ਭਾਰਤ ਅਤੇ ਫਿਨਲੈਂਡ ਵਿਚਕਾਰ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰੇਗਾ।

ਉਨ੍ਹਾਂ ਕਿਹਾ, "ਇਹ ਸਮਝੌਤਾ ਭਾਰਤ ਅਤੇ ਫਿਨਲੈਂਡ ਵਿਚਕਾਰ ਵਪਾਰ, ਨਿਵੇਸ਼ ਅਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰੇਗਾ।" ਫਿਨਲੈਂਡ ਦੇ ਰਾਸ਼ਟਰਪਤੀ ਸਟੱਬ ਨੇ ਬੁੱਧਵਾਰ ਨੂੰ ਭਾਰਤ ਦੀ ਚਾਰ ਦਿਨਾਂ ਯਾਤਰਾ ਸ਼ੁਰੂ ਕੀਤੀ, ਜਿਸ ਦਾ ਉਦੇਸ਼ ਵਪਾਰ, ਨਿਵੇਸ਼ ਅਤੇ ਮਹੱਤਵਪੂਰਨ ਤਕਨਾਲੋਜੀ ਸਮੇਤ ਕਈ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨਾ ਹੈ।

# ਦੋ ਪੰਜਾਬੀ ਨੌਜਵਾਨਾਂ ਦੀ ਕੈਨੇਡਾ ਸੜਕ ਹਾਦਸੇ 'ਚ ਮੌਤ, ਸੈਮੀ ਟਰੱਕ–ਟਰਾਲੇ 'ਤੇ ਸਵਾਰ ਸਨ ਦੋਵੇਂ ਨੌਜਵਾਨ



ਵੈਨਕੂਵਰ/ਤਰਨਤਾਰਨ: ਕੈਨੇਡੀਅਨ ਸੂਬੇ ਬ੍ਰਿਟਿਸ਼ ਕੋਲੰਬੀਆ 'ਚ ਦੋ ਪੰਜਾਬੀ ਨੌਜਵਾਨਾਂ ਦੀ ਇੱਕ ਸੜਕ ਹਾਦਸੇ 'ਚ ਮੌਤ ਹੋ ਗਈ ਹੈ। ਇਹ ਹਾਦਸਾ ਹਾਈਵੇ 97 ਉਤੇ ਨੈਲਸਨ ਸਿਟੀ ਨੇੜੇ 605ਵੇਂ ਕਿਲੋਮੀਟਰ ਪੱਥਰ ਨੇੜੇ ਮੰਗਲ਼ਵਾਰ 3 ਮਾਰਚ ਨੂੰ ਤੜਕੇ ਪੌਣੇ ਪੰਜ ਵਜੇ ਵਾਪਰਿਆ। ਇਸ ਰੋਡ ਨੂੰ ਅਲਾਸਕਾ ਹਾਈਵੇਅ ਵੀ ਆਖਿਆ ਜਾਂਦਾ ਹੈ। ਇਹ ਦੋਵੇਂ ਇੱਕ ਸੈਮੀ–ਟਰੱਕ–ਟਰਾਲੇ ਵਿੱਚ ਸਵਾਰ ਸਨ। ਰਾਇਲ ਕੈਨੇਡਾ ਮਾਊਂਟਿਡ ਪੁਲਿਸ (RCMP) ਤੋਂ ਤਾਂ ਹਾਲ਼ੇ ਕੋਈ ਬਹੁਤੀ ਜਾਣਕਾਰੀ ਨਹੀਂ ਮਿਲ਼ੀ। ਪਰ ਦੋਵੇਂ ਪੰਜਾਬੀਆਂ ਦੀ ਮੌਤ ਦੀ ਖ਼ਬਰ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ 'ਚ ਪੁੱਜ ਗਈ ਹੈ।

ਭਿਖੀਵਿੰਡ ਲਾਗਲੇ ਪਿੰਡ ਮਾੜੀ ਗੌਰ ਸਿੰਘ ਦਾ 32 ਸਾਲਾ ਨੌਜਵਾਨ ਤਲਵਿੰਦਰ ਸਿੰਘ ਗਿੱਲ ਅਤੇ ਤੇ ਵੈਰੋਵਾਲ ਲਾਗਲੇ ਪਿੰਡ ਆਲੋਵਾਲ ਦਾ 30 ਸਾਲਾ ਜਸਬੀਰ ਸਿੰਘ ਸੰਧੂ ਇਸ ਹਾਦਸੇ ਵਿੱਚ ਮਾਰੇ ਗਏ ਹਨ। ਕੈਨੇਡਾ 'ਚ ਇਹ ਦੋਵੇਂ ਅਲਬਰਟਾ ਸੂਬੇ ਦੇ ਨਗਰ ਐਡਮਿੰਟਨ 'ਚ ਰਹਿ ਰਹੇ ਸਨ। ਇਨ੍ਹਾਂ ਦੋਵਾਂ ਦੀ ਮੌਤ ਦੀ ਖ਼ਬਰ ਜਿਵੇਂ ਹੀ ਪੁੱਜੀ, ਤਿਵੇਂ ਹੀ ਸਮੁੱਚੇ ਇਲਾਕੇ 'ਚ ਸੋਗ ਦੀ ਲਹਿਰ ਦੌੜ ਗਈ ਹੈ।

ਆਰਸੀਐਮਪੀ ਮੁਤਾਬਕ ਦੋਵੇਂ ਨੌਜਵਾਨ ਟਰੱਕ ਵਿੱਚ ਬੁਰੀ ਤਰ੍ਹਾਂ ਫਸ ਗਏ ਸਨ। ਉਨ੍ਹਾਂ ਦਾ ਸਾਮਾਨ ਨਾ਼ਲ ਪੂਰੀ ਤਰ੍ਹਾਂ ਲੱਦਿਆ ਟਰੱਕ ਅਚਾਨਕ ਬੇਕਾਬੂ ਹੋ ਕੇ ਸੜਕ ਦੀ ਗਾਰਡ–ਰੇਲਿੰਗ ਤੋੜ ਕੇ ਇੱਕ ਖੱਡ ਵਿੱਚ ਕਾਫ਼ੀ ਹੇਠਾਂ ਤੱਕ ਚਲਾ ਗਿਆ ਸੀ। ਉਥੇ ਹੋਰ ਕੋਈ ਵਾਹਨ ਨਹੀਂ ਦਿਸਿਆ। ਦੋਵੇਂ ਨੌਜਵਾਨਾਂ ਦੀ ਮੌਤ ਮੌਕੇ 'ਤੇ ਹੀ ਹੋ ਗਈ ਸੀ। ਬ੍ਰਿਟਿਸ਼ ਕੋਲੰਬੀਆ RCMP ਦੇ ਸਟਾਫ਼ ਸਾਰਜੈਂਟ ਕ੍ਰਿਸ ਕਲਾਰਕ ਨੇ ਦੱਸਿਆ ਕਿ ਹਾਲ਼ੇ ਇਸ ਹਾਦਸੇ ਦੀ ਜਾਂਚ ਮੁਢਲੇ ਗੇੜ 'ਚ ਹੈ। ਇੱਕ ਪਾਸਿਓਂ ਦੀ ਟ੍ਰੈਫ਼ਿਕ ਨੂੰ ਕਿਵੇਂ ਨਾ ਕਿਵੇਂ ਕੱਢਿਆ ਗਿਆ। ਅੱਜ ਵੀਰਵਾਰ ਨੂੰ ਜਿਵੇਂ ਹੀ ਇਹ ਭਾਣਾ ਵਰਤਣ ਦੀ ਖ਼ਬਰ ਮਿਲ਼ੀ, ਤਿਵੇਂ ਹੀ ਦੋਵੇਂ ਪਰਿਵਾਰਾਂ ਵਿੱਚ ਚੀਕ–ਚਿਹਾੜਾ ਮੱਚ ਗਿਆ। ਦੋਵੇਂ ਨੌਜਵਾਨਾਂ ਦੇ ਪਰਿਵਾਰਾਂ ਨੇ ਮ੍ਰਿਤਕ ਦੇਹਾਂ ਛੇਤੀ ਤੋਂ ਛੇਤੀ ਭਾਰਤ ਵਾਪਸ ਲਿਆਉਣ ਲਈ ਸਰਕਾਰ ਤੋਂ ਮਦਦ ਮੰਗੀ ਹੈ।

# ਕੈਨੇਡੀਅਨ MP ਵਿਰੁੱਧ ਸਖ਼ਤ ਕਾਰਵਾਈ, ਰਣਦੀਪ ਸਿੰਘ ਸਰਾਏ 'ਪਾਏ ਗਏ ਦੋਸ਼ੀ'!

ਔਟਵਾ: ਕੈਨੇਡਾ ਸਰਕਾਰ ਨੇ ਲਿਬਰਲ ਪਾਰਟੀ ਦੇ ਸੰਸਦ ਮੈਂਬਰ ਰਣਦੀਪ ਸਿੰਘ ਸਰਾਏ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ। ਕੈਨੇਡੀਅਨ ਮੀਡੀਆ ਰਿਪੋਰਟਾਂ ਅਨੁਸਾਰ, ਰਣਦੀਪ ਸਿੰਘ ਸਰਾਏ ਨੂੰ 'ਹਿੱਤਾਂ ਦੇ ਟਕਰਾਅ' ਕਾਨੂੰਨ ਤਹਿਤ ਦੋਸ਼ੀ ਪਾਇਆ ਗਿਆ ਹੈ। ਇਸ ਲਈ ਉਨ੍ਹਾਂ ਉਤੇ 200 ਡਾਲਰ ਦਾ ਜੁਰਮਾਨਾ ਲਾਇਆ ਗਿਆ ਹੈ। ਇਸ ਮਾਮਲੇ ਵਿੱਚ ਵੱਧ ਤੋਂ ਵੱਧ ਜੁਰਮਾਨਾ 500 ਡਾਲਰ ਹੈ। ਰਣਦੀਪ ਸਿੰਘ ਸਰਾਏ 'ਤੇ ਅੰਤਰਰਾਸ਼ਟਰੀ ਵਿਕਾਸ ਲਈ ਰਾਜ ਮੰਤਰੀ ਵਜੋਂ ਨਿਯੁਕਤੀ 'ਤੇ ਆਪਣੀਆਂ ਜਾਇਦਾਦਾਂ ਦਾ ਖੁਲਾਸਾ ਕਰਨ ਵਿੱਚ ਨਾਕਾਮ ਰਹਿਣ ਦਾ ਦੋਸ਼ ਹੈ। ਨਿਯਮਾਂ ਅਨੁਸਾਰ, ਉਹ 60 ਦਿਨਾਂ ਦੇ ਅੰਦਰ ਆਪਣੀਆਂ ਜਾਇਦਾਦਾਂ ਦਾ ਖੁਲਾਸਾ ਕਰਨ ਵਿੱਚ ਨਾਕਾਮ ਰਹੇ ਸਨ। ਰਣਦੀਪ ਸਹਾਏ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਸੈਂਟਰ ਤੋਂ ਸੱਤਾਧਾਰੀ ਲਿਬਰਲ ਪਾਰਟੀ ਦੇ ਸੰਸਦ ਮੈਂਬਰ ਹਨ। ਉਹ ਹਿੱਤਾਂ ਦੇ ਟਕਰਾਅ ਕਾਨੂੰਨ ਤਹਿਤ ਮੁਕੱਦਮੇ ਦਾ ਸਾਹਮਣਾ ਕਰਨ ਵਾਲੇ ਪਾਰਟੀ ਦੇ 10ਵੇਂ ਸੰਸਦ ਮੈਂਬਰ ਬਣ ਗਏ ਹਨ। ਪਹਿਲਾਂ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਵੀ ਇਸੇ ਤਰ੍ਹਾਂ ਦੀ ਕਾਰਵਾਈ ਦਾ ਸਾਹਮਣਾ ਕਰਨਾ ਪਿਆ ਸੀ। ਉਧਰ ਵਿਰੋਧੀ ਧਿਰ ਦਾ ਦੋਸ਼ ਹੈ ਕਿ ਐਥਿਕਸ ਕਮਿਸ਼ਨਰ ਵੱਲੋਂ ਰਣਦੀਪ ਸਰਾਏ 'ਤੇ ਲਾਇਆ ਗਿਆ 200 ਡਾਲਰ ਦਾ ਜੁਰਮਾਨਾ ਬਹੁਤ ਘੱਟ ਹੈ। ਇਸ ਕਾਨੂੰਨ ਤਹਿਤ ਵੱਧ ਤੋਂ ਵੱਧ ਜੁਰਮਾਨਾ 500 ਡਾਲਰ ਹੈ। ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਦਾ ਤਰਕ ਹੈ ਕਿ ਇਸ ਜੁਰਮਾਨੇ ਨੂੰ 20 ਹਜ਼ਾਰ ਤੋਂ ਲੈ ਕੇ 50 ਹਜ਼ਾਰ ਡਾਲਰ ਤੱਕ ਵਧਾ ਦਿੱਤਾ ਜਾਣਾ ਚਾਹੀਦਾ ਹੈ।

ਐਮਪੀ ਰਣਦੀਪ ਸਰਾਏ 'ਤੇ ਹਿੱਤਾਂ ਦੇ ਟਕਰਾਅ ਐਕਟ ਦੀ ਧਾਰਾ 24 ਤਹਿਤ ਦੋਸ਼ ਲਾਇਆ ਗਿਆ ਹੈ। ਉਨ੍ਹਾਂ ਨੂੰ ਅੰਤਰਰਾਸ਼ਟਰੀ ਵਿਕਾਸ ਲਈ ਰਾਜ ਸਕੱਤਰ ਨਿਯੁਕਤ ਕੀਤੇ ਜਾਣ ਦੇ 60 ਦਿਨਾਂ ਅੰਦਰ ਆਪਣੀਆਂ ਸਾਰੀਆਂ ਵਿੱਤੀ ਜਾਇਦਾਦਾਂ ਦੇ ਵੇਰਵੇ ਪ੍ਰਗਟ ਕਰਨ ਦੀ ਲੋੜ ਸੀ, ਪਰ ਉਨ੍ਹਾਂ ਨੇ ਸਾਰੀ ਜਾਣਕਾਰੀ ਸਾਂਝੀ ਨਹੀਂ ਕੀਤੀ। ਦਸਤਾਵੇਜ਼ਾਂ ਅਨੁਸਾਰ, ਸਰਾਏ ਕੋਲ ਇੱਕ ਵੱਡਾ ਰੀਅਲ ਅਸਟੇਟ ਪੋਰਟਫੋਲੀਓ ਹੈ। ਬ੍ਰਿਟਿਸ਼ ਕੋਲੰਬੀਆ ਦੇ ਬਰਨਬੀ ਅਤੇ ਸਰੀ ਵਿੱਚ ਉਨ੍ਹਾਂ ਦੀਆਂ ਸੱਤ ਜਾਇਦਾਦਾਂ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਵੈਨਕੂਵਰ ਸਿਟੀ ਸੇਵਿੰਗਜ਼ ਕ੍ਰੈਡਿਟ ਯੂਨੀਅਨ ਨਾਲ ਦੋ ਵੱਡੇ ਹੋਮ ਲੋਨ ਸਨ।

ਉਹ ਨੈਸ਼ਨਲ ਬੈਂਕ, ਐਨਵਿਜ਼ਨ ਕ੍ਰੈਡਿਟ ਯੂਨੀਅਨ ਅਤੇ ਬੈਂਕ ਆਫ਼ ਮਾਂਟਰੀਅਲ ਤੋਂ ਕਈ ਵੱਡੇ ਵਪਾਰਕ ਕਰਜ਼ਿਆਂ 'ਤੇ ਸਹਿ–ਗਾਰੰਟਰ ਸਨ। ਉਹ ਰਾਇਲ ਬੈਂਕ ਨਾਲ ਆਪਣੇ ਕਾਰ ਕਰਜ਼ੇ ਅਤੇ ਨੈਸ਼ਨਲ ਬੈਂਕ ਨਾਲ ਆਪਣੀ ਘਰੇਲੂ ਇਕੁਇਟੀ ਲਾਈਨ ਆਫ਼ ਕ੍ਰੈਡਿਟ ਬਾਰੇ ਸਮੇਂ ਸਿਰ ਜਾਣਕਾਰੀ ਸਾਂਝੀ ਕਰਨ ਵਿੱਚ ਵੀ ਨਾਕਾਮ ਰਹੇ ਸਨ। ਮੀਡੀਆ ਰਿਪੋਰਟਾਂ ਮੁਤਾਬਕ, ਰਣਦੀਪ ਸਰਾਏ ਦਾ ਕਾਨੂੰਨ ਅਭਿਆਸ ਲਾਇਸੈਂਸ 2019 ਵਿੱਚ ਸਥਾਈ ਤੌਰ 'ਤੇ ਰੱਦ ਕਰ ਦਿੱਤਾ ਗਿਆ ਸੀ। ਬ੍ਰਿਟਿਸ਼ ਕੋਲੰਬੀਆ ਦੀ ਲਾਅ ਸੋਸਾਇਟੀ ਨੇ ਇਹ ਸਖ਼ਤ ਕਾਰਵਾਈ ਉਸ ਵਿਰੁੱਧ ਪੇਸ਼ੇਵਰ ਦੁਰਵਿਵਹਾਰ ਦੇ ਗੰਭੀਰ ਦੋਸ਼ ਸਾਬਤ ਹੋਣ ਤੋਂ ਬਾਅਦ ਕੀਤੀ।

ਉਨ੍ਹਾਂ 'ਤੇ ਗਾਹਕਾਂ ਦੇ ਫੰਡਾਂ ਦੇ ਪ੍ਰਬੰਧ ਵਿੱਚ ਲਾਪਰਵਾਹੀ ਅਤੇ ਅਭਿਆਸ ਦੇ ਮਿਆਰਾਂ ਅਤੇ ਨੈਤਿਕਤਾ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਗਿਆ ਸੀ। ਇਸ ਤੋਂ ਬਾਅਦ, ਉਨ੍ਹਾਂ ਨੇ ਆਪਣਾ ਲਾਇਸੈਂਸ ਵਾਪਸ ਕਰ ਦਿੱਤਾ, ਜਿਸ ਨਾਲ ਉਹ ਬ੍ਰਿਟਿਸ਼ ਕੋਲੰਬੀਆ ਵਿੱਚ ਵਕੀਲ ਵਜੋਂ ਅਭਿਆਸ ਕਰਨ ਦੇ ਅਯੋਗ ਹੋ ਗਏ ਸਨ। ਰਣਦੀਪ ਸਰਾਏ ਪੰਜਾਬੀ ਮੂਲ ਦੇ ਹਨ, ਪਰ ਉਨ੍ਹਾਂ ਨੂੰ ਸਭ ਤੋਂ ਪ੍ਰਮੁੱਖ ਭਾਰਤ ਵਿਰੋਧੀ ਨੇਤਾਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਸਰਾਏ ਨੂੰ ਭਾਰਤ ਨਾਲ ਦੂਰੀ ਬਣਾਉਣ ਵਾਲੇ ਸਬੰਧਾਂ ਦੀ ਵਕਾਲਤ ਕਰਨ ਵਾਲੇ ਸਮੂਹ ਦਾ ਹਿੱਸਾ ਮੰਨਿਆ ਜਾਂਦਾ ਹੈ। ਰਣਦੀਪ ਸਰਾਏ ਸਰੀ, ਬੀਸੀ ਤੋਂ ਸੰਸਦ ਮੈਂਬਰ ਹਨ। ਰਣਦੀਪ ਸਰਾਏ ਨੇ ਬਿੱਲ ਸੀ–5 ਵਰਗੇ ਕਾਨੂੰਨ ਦਾ ਜ਼ੋਰਦਾਰ ਸਮਰਥਨ ਕੀਤਾ ਸੀ, ਜਿਸ ਨੂੰ ਵਿਰੋਧੀ ਕੰਜ਼ਰਵੇਟਿਵ ਪਾਰਟੀ ਨੇ "ਅਪਰਾਧੀਆਂ ਪ੍ਰਤੀ ਨਰਮ" ਦੱਸਿਆ ਸੀ। ਇਸ ਕਾਨੂੰਨ ਨੇ ਕਈ ਗੰਭੀਰ ਅਪਰਾਧਾਂ (ਜਿਵੇਂ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਕੁਝ ਹਥਿਆਰਬੰਦ ਅਪਰਾਧ) ਲਈ ਲਾਜ਼ਮੀ ਘੱਟੋ–ਘੱਟ ਸਜ਼ਾਵਾਂ ਨੂੰ ਖਤਮ ਕਰ ਦਿੱਤਾ ਸੀ।



# ਪੀਐਮ ਮੋਦੀ ਨੇ ਯੂਏਈ ਦੇ ਰਾਸ਼ਟਰਪਤੀ ਨਾਲ ਫ਼ੋਨ 'ਤੇ ਕੀਤੀ ਗੱਲ, ਕਿਹਾ- 'ਭਾਰਤ ਮੁਸ਼ਕਿਲ ਸਮੇਂ ਵਿੱਚ ਉਨ੍ਹਾਂ ਦੇ ਨਾਲ ਖੜ੍ਹਾ ਹੈ'



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯੂਏਈ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜਾਇਦ ਅਲ ਨਾਹਯਾਨ ਨਾਲ ਫ਼ੋਨ 'ਤੇ ਗੱਲਬਾਤ ਕੀਤੀ ਹੈ। ਇਸ ਗੱਲਬਾਤ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਈਰਾਨ ਵੱਲੋਂ ਯੂਏਈ 'ਤੇ ਕੀਤੇ ਗਏ ਮਿਜ਼ਾਈਲ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ ਅਤੇ ਇਨ੍ਹਾਂ ਹਮਲਿਆਂ ਵਿੱਚ ਜਾਨਾਂ ਗੁਆਉਣ ਵਾਲਿਆਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ।

ਪੀਐਮ ਮੋਦੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਪੋਸਟ ਕਰਦੇ ਹੋਏ ਕਿਹਾ, ਮੇਰੇ ਭਰਾ ਸ਼ੇਖ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ, ਯੂਏਈ ਦੇ ਰਾਸ਼ਟਰਪਤੀ ਨਾਲ ਗੱਲ ਕੀਤੀ। ਯੂਏਈ 'ਤੇ ਹੋਏ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ ਅਤੇ ਇਨ੍ਹਾਂ ਹਮਲਿਆਂ ਵਿੱਚ ਹੋਏ ਜਾਨ-ਮਾਲ ਦੇ ਨੁਕਸਾਨ 'ਤੇ ਦੁੱਖ ਪ੍ਰਗਟ ਕੀਤਾ। ਭਾਰਤ ਇਸ ਮੁਸ਼ਕਿਲ ਸਮੇਂ ਦੌਰਾਨ ਯੂਏਈ ਦੇ ਨਾਲ ਖੜ੍ਹਾ ਹੈ। ਯੂਏਈ ਵਿੱਚ ਭਾਰਤੀ ਭਾਈਚਾਰੇ ਦੀ ਦੇਖਭਾਲ ਕਰਨ ਲਈ ਉਨ੍ਹਾਂ ਦਾ ਧੰਨਵਾਦ। ਅਸੀਂ ਤਣਾਅ ਘਟਾਉਣ ਅਤੇ ਖੇਤਰ ਵਿੱਚ ਸ਼ਾਂਤੀ, ਸੁਰੱਖਿਆ ਅਤੇ ਸਥਿਰਤਾ ਦਾ ਸਮਰਥਨ ਕਰਦੇ ਹਾਂ।

ਦੱਸ ਦੇਈਏ ਕਿ ਇਹ ਗੱਲਬਾਤ ਅਜਿਹੇ ਸਮੇਂ ਹੋਈ ਹੈ ਜਦੋਂ ਈਰਾਨ ਨੇ ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਦੇ ਜਵਾਬ ਵਿੱਚ ਯੂਏਈ ਸਮੇਤ ਕਈ ਖਾੜੀ ਦੇਸ਼ਾਂ 'ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲਾ ਕੀਤਾ ਹੈ। ਯੂਏਈ ਦੇ ਰੱਖਿਆ ਮੰਤਰਾਲੇ ਦੇ ਅਨੁਸਾਰ, ਸ਼ਨੀਵਾਰ ਤੋਂ ਲੈ ਕੇ ਹੁਣ ਤੱਕ, ਈਰਾਨ ਨੇ ਯੂਏਈ 'ਤੇ 165 ਬੈਲਿਸਟਿਕ ਮਿਜ਼ਾਈਲਾਂ, 541 ਡਰੋਨ ਅਤੇ 2 ਕਰੂਜ਼ ਮਿਜ਼ਾਈਲਾਂ ਦਾਗੀਆਂ ਹਨ। ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਯੂਏਈ ਦੇ ਹਵਾਈ ਰੱਖਿਆ ਪ੍ਰਣਾਲੀ ਦੁਆਰਾ ਨਸ਼ਟ ਕਰ ਦਿੱਤਾ ਗਿਆ ਹੈ। ਮੰਤਰਾਲੇ ਨੇ ਕਿਹਾ ਪਰ ਕੁਝ ਹਮਲਿਆਂ ਵਿੱਚ ਦੁਬਈ, ਅਬੂ ਧਾਬੀ ਅਤੇ ਹੋਰ ਖੇਤਰਾਂ ਵਿੱਚ ਨੁਕਸਾਨ ਹੋਇਆ ਹੈ। ਹਮਲਿਆਂ ਵਿੱਚ ਹੁਣ ਤੱਕ ਘੱਟੋ-ਘੱਟ ਤਿੰਨ ਲੋਕ ਮਾਰੇ ਗਏ ਹਨ ਅਤੇ 58 ਤੋਂ ਵੱਧ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚ ਕੁਝ ਵਿਦੇਸ਼ੀ ਨਾਗਰਿਕ ਵੀ ਸ਼ਾਮਿਲ ਹਨ।

# ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਤੁਰੰਤ ਇਨ੍ਹਾਂ ਦੇਸ਼ਾਂ ਨੂੰ ਛੱਡਣ ਲਈ ਕਿਹਾ



ਈਰਾਨ 'ਤੇ ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਤੋਂ ਬਾਅਦ ਮੱਧ ਪੂਰਬ ਵਿੱਚ ਸਥਿਤੀ ਕਾਬੂ ਤੋਂ ਬਾਹਰ ਹੋ ਗਈ ਹੈ। ਈਰਾਨ ਖਾੜੀ ਦੇਸ਼ਾਂ 'ਤੇ ਮਿਜ਼ਾਈਲਾਂ ਅਤੇ ਡਰੋਨ ਬਰਸਾ ਰਿਹਾ ਹੈ। ਇਸ ਦੌਰਾਨ ਅਮਰੀਕੀ ਵਿਦੇਸ਼ ਵਿਭਾਗ ਨੇ ਸੁਰੱਖਿਆ ਖਤਰਿਆਂ ਦਾ ਹਵਾਲਾ ਦਿੰਦੇ ਹੋਏ ਆਪਣੇ ਨਾਗਰਿਕਾਂ ਨੂੰ ਤੁਰੰਤ 14 ਖਾੜੀ ਅਤੇ ਮੱਧ ਪੂਰਬੀ ਦੇਸ਼ਾਂ ਨੂੰ ਛੱਡਣ ਲਈ ਕਿਹਾ ਹੈ।

ਕੌਂਸਲਰ ਮਾਮਲਿਆਂ ਲਈ ਸਹਾਇਕ ਸਕੱਤਰ ਮੋਰਾ ਨਾਮਦਾਰ ਨੇ ਪੋਸਟ ਕੀਤਾ ਕਿ ਗੰਭੀਰ ਸੁਰੱਖਿਆ ਖਤਰਿਆਂ ਦੇ ਕਾਰਨ, ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਹੇਠਾਂ ਦਿੱਤੇ ਦੇਸ਼ਾਂ ਵਿੱਚ ਅਮਰੀਕੀਆਂ ਨੂੰ ਉਪਲਬਧ ਵਪਾਰਕ ਆਵਾਜਾਈ ਦੀ ਵਰਤੋਂ ਕਰਕੇ ਹੁਣੇ ਚਲੇ ਜਾਣ ਦੀ ਅਪੀਲ ਕੀਤੀ ਹੈ। ਵਿਦੇਸ਼ ਮੰਤਰਾਲੇ ਦੁਆਰਾ ਜਾਰੀ ਕੀਤੇ ਗਏ ਦੇਸ਼ਾਂ ਅਤੇ ਪ੍ਰਦੇਸ਼ਾਂ ਦੀ ਸੂਚੀ ਵਿੱਚ ਇਜ਼ਰਾਈਲ (ਵੈਸਟ ਬੈਂਕ, ਗਾਜ਼ਾ), ਈਰਾਨ, ਇਰਾਕ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ, ਕੁਵੈਤ, ਕਤਰ, ਜਾਰਡਨ, ਲੇਬਨਾਨ, ਮਿਸਰ, ਬਹਿਰੀਨ, ਓਮਾਨ ਅਤੇ ਸੀਰੀਆ ਸ਼ਾਮਿਲ ਹਨ।

ਅੱਜ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਚੱਲ ਰਹੀ ਜੰਗ ਦਾ ਚੌਥਾ ਦਿਨ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ 'ਤੇ ਹੋਰ ਵੱਡੇ ਹਮਲਿਆਂ ਦੀ ਚੇਤਾਵਨੀ ਦਿੱਤੀ ਹੈ ਅਤੇ ਜੇਕਰ ਲੋੜ ਪਈ ਤਾਂ ਜ਼ਮੀਨੀ ਫੌਜਾਂ 'ਤੇ ਵੀ ਹਮਲਾ ਕੀਤਾ ਜਾਵੇਗਾ।

ਦੱਸ ਦੇਈਏ ਕਿ 28 ਫਰਵਰੀ ਨੂੰ ਈਰਾਨ ਦੇ ਸੁਪਰੀਮ ਲੀਡਰ ਆਯਤੁੱਲਾ ਅਲੀ ਖਮੇਨੀ, ਉਨ੍ਹਾਂ ਦੇ ਪਰਿਵਾਰ ਦੇ ਕਈ ਮੈਂਬਰਾਂ ਅਤੇ ਈਰਾਨੀ ਰੱਖਿਆ ਲੀਡਰਸ਼ਿਪ ਦੇ ਕਈ ਨੇਤਾ ਅਮਰੀਕਾ-ਇਜ਼ਰਾਈਲੀ ਹਮਲਿਆਂ ਵਿੱਚ ਮਾਰੇ ਗਏ ਸਨ।

ਈਰਾਨ ਨੇ ਮੱਧ ਪੂਰਬੀ ਦੇਸ਼ਾਂ 'ਤੇ ਲੜੀਵਾਰ ਹਮਲੇ ਕਰਕੇ ਬਦਲਾ ਲਿਆ ਹੈ। 130 ਤੋਂ ਵੱਧ ਈਰਾਨੀ ਸ਼ਹਿਰਾਂ 'ਤੇ ਬੰਬਾਰੀ ਕੀਤੀ ਗਈ ਹੈ, ਜਿਸ ਦੇ ਨਤੀਜੇ ਵਜੋਂ ਹੁਣ ਤੱਕ 555 ਤੋਂ ਵੱਧ ਲੋਕ ਮਾਰੇ ਗਏ ਹਨ।

# ਲਾਲੜੂ ਦੇ ਪਿੰਡ ਤੋਂਗਾਪੁਰ ਵਿਖੇ ਗੁਰੂਘਰ 'ਚ ਹੋਈ ਬੇਅਦਬੀ



ਲਾਲੜੂ : ਮੋਹਾਲੀ ਜ਼ਿਲ੍ਹੇ ਦੇ ਲਾਲੜੂ ਅਧੀਨ ਆਉਂਦੇ ਪਿੰਡ ਤੋਂਗਾਪੁਰ ਵਿਖੇ ਗੁਰੂ ਘਰ 'ਚ ਬੇਅਦਬੀ ਦਾ ਮਾਮਲਾ ਆਇਆ ਸਾਹਮਣੇ ਆਈ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪ੍ਰਵਾਸੀਆਂ ਵੱਲੋਂ ਇਹ ਬੇਅਦਬੀ ਕੀਤੀ ਗਈ ਹੈ। ਵਾਇਰਲ ਵੀਡੀਓ ਅਨੁਸਾਰ ਪਿੰਡ ਵਾਸੀਆਂ ਅਨੁਸਾਰ ਤਿੰਨ ਮੋਨੇ ਵਿਅਕਤੀ ਮੋਟਰਸਾਈਕਲ ਉੱਪਰ ਆਏ ਅਤੇ ਉਨ੍ਹਾਂ ਵਿੱਚੋਂ ਦੋ ਵਿਅਕਤੀ ਨੰਗੇ ਸਿਰ ਤੇ ਬੂਟਾਂ ਸਣੇ ਗੁਰੂ ਘਰ ਦੇ ਅੰਦਰ ਦਾਖਲ ਹੋਏ ਅਤੇ ਗੁਰੂ ਘਰ ਦੀ ਗੋਲਕ ਚੁੱਕ ਕੇ ਫਰਾਰ ਹੋ ਗਏ ।

ਕੁੱਝ ਦੂਰ ਜਾ ਕੇ ਇਹਨਾਂ ਵੱਲੋਂ ਗੋਲਕ ਤੋੜ ਕੇ ਇਸ ਵਿੱਚੋਂ ਪੈਸੇ ਕੱਢੇ ਗਏ ਅਤੇ ਗੋਲਕ ਸੁੱਟ ਕੇ ਫਰਾਰ ਹੋ ਗਏ । ਪਿੰਡ ਵਾਸੀਆਂ ਅਨੁਸਾਰ ਗੁਰੂ ਘਰ ਦੀ ਗੋਲਕ ਵਿੱਚ ਪਿਛਲੇ ਲਗਭਗ ਤਿੰਨ ਮਹੀਨੇ ਦਾ ਚੜ੍ਹਾਵਾ ਸੀ। ਪਿੰਡ ਵਾਸੀਆਂ ਵੱਲੋਂ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ ਅਤੇ ਪੁਲਿਸ ਵੱਲੋਂ ਪੁਲਿਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਨਾਲ ਕੀਤੀ ਗੱਲ

ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਕੇ. ਰਾਮ ਮੋਹਨ ਨਾਇਡੂ ਨਾਲ ਫੋਨ 'ਤੇ ਗੱਲ ਕੀਤੀ ਅਤੇ ਉਨ੍ਹਾਂ ਨੂੰ ਸੰਕਟਗ੍ਰਸਤ ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਯਕੀਨੀ ਬਣਾਉਣ ਲਈ ਕਿਹਾ। ਟੈਲੀਫੋਨ 'ਤੇ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਅਚਾਨਕ ਜੰਗ ਸ਼ੁਰੂ ਹੋਣ ਕਾਰਨ ਖਾੜੀ ਦੇਸ਼ਾਂ ਵਿੱਚ ਫਸੇ ਪੰਜਾਬੀਆਂ ਨਾਲ ਸਬੰਧਤ ਅੰਕੜੇ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਵਾਪਸ ਲਿਆਉਣ ਲਈ ਤੁਰੰਤ ਕਦਮ ਚੁੱਕਣ ਦੀ ਅਪੀਲ ਕੀਤੀ।



ਸੋਸ਼ਲ ਮੀਡੀਆ ਪਲੇਟਫ਼ਾਰਮ ਐਕਸ ਉੱਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੈਂ ਸ਼ਹਿਰੀ ਹਵਾਬਾਜ਼ੀ ਮੰਤਰੀ ਕੇ. ਰਾਮ ਮੋਹਨ ਨਾਇਡੂ ਨਾਲ ਫ਼ੋਨ 'ਤੇ ਗੱਲ ਕੀਤੀ। ਪਰਵਾਸੀ ਭਾਰਤੀ ਮਾਮਲਿਆਂ ਬਾਰੇ ਪੰਜਾਬ ਦੇ ਮੰਤਰੀ ਡਾ. ਰਵਜੋਤ ਸਿੰਘ ਵੀ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਮਿਲਣ ਗਏ ਸਨ। ਕੇਂਦਰੀ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਅਰਬ ਦੇਸ਼ਾਂ ਤੋਂ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਲਈ ਜ਼ਰੂਰੀ ਪ੍ਰਬੰਧ ਕੀਤੇ ਜਾਣਗੇ, ਜਿਸ ਵਿੱਚ ਵਿਸ਼ੇਸ਼ ਉਡਾਣਾਂ ਦਾ ਪ੍ਰਬੰਧ ਵੀ ਸ਼ਾਮਲ ਹੈ। ਮੈਂ ਸਾਰੇ ਸਬੰਧਤ ਵਿਅਕਤੀਆਂ ਦੀ ਸੂਚੀ ਸੰਪਰਕ ਨੰਬਰਾਂ ਸਮੇਤ ਸਾਂਝੀ ਕੀਤੀ ਹੈ। ਜਲਦੀ ਹੀ ਇਹ ਪੰਜਾਬੀ ਸੁਰੱਖਿਅਤ ਆਪਣੇ ਪਰਿਵਾਰਾਂ ਕੋਲ ਵਾਪਸ ਆ ਜਾਣਗੇ। ਕਿਸੇ ਵੀ ਕਿਸਮ ਦੀ ਜਾਣਕਾਰੀ ਜਾਂ ਸਹਾਇਤਾ ਲਈ ਕਿਰਪਾ ਕਰਕੇ ਐਨ.ਆਰ.ਆਈ. ਵਿੰਗ ਦੇ 24ਣ7 ਕੰਟਰੋਲ ਰੂਮ ਨੰਬਰ 0172-2260042, 0172-2260043 ਜਾਂ ਵਟਸਐਪ ਨੰਬਰ 91 94787-79112 ਉੱਤੇ ਸੰਪਰਕ ਕਰੋ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਕੇ. ਰਾਮ ਮੋਹਨ ਨਾਇਡੂ ਨਾਲ ਆਪਣੀ ਟੈਲੀਫੋਨ ਗੱਲਬਾਤ ਦੌਰਾਨ ਮੈਂ ਅਚਾਨਕ ਜੰਗ ਕਾਰਨ ਖਾੜੀ ਦੇਸ਼ਾਂ ਵਿੱਚ ਫਸੇ ਪੰਜਾਬੀਆਂ ਨਾਲ ਸਬੰਧਤ ਸਾਰਾ ਡੇਟਾ ਸਾਂਝਾ ਕੀਤਾ। ਮੈਂ ਉਨ੍ਹਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਪੰਜਾਬੀਆਂ ਨੂੰ ਜਲਦੀ ਤੋਂ ਜਲਦੀ ਬਾਹਰ ਕੱਢਿਆ ਜਾਵੇ ਤਾਂ ਜੋ ਉਹ ਪੰਜਾਬ ਵਿੱਚ ਆਪਣੇ ਪਰਿਵਾਰਾਂ ਨਾਲ ਦੁਬਾਰਾ ਮਿਲ ਸਕਣ। ਕੇਂਦਰੀ ਮੰਤਰੀ ਨੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ ਅਤੇ ਮੈਨੂੰ ਉਮੀਦ ਹੈ ਕਿ ਜੰਗ ਪ੍ਰਭਾਵਿਤ ਖਾੜੀ ਖੇਤਰ ਵਿੱਚ ਫਸੇ ਪੰਜਾਬੀ ਜਲਦੀ ਆਪਣੇ ਪਰਿਵਾਰਾਂ ਵਿੱਚ ਹੋਣਗੇ।" ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਨੂੰ ਬਾਹਰ ਕੱਢਣ ਲਈ ਪੰਜਾਬ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ, "ਪੰਜਾਬੀਆਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਸਵੈ-ਨਿਰਭਰ ਬਣਾਉਣ ਅਤੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਵਿੱਚ ਸ਼ਾਨਦਾਰ ਭੂਮਿਕਾ ਨਿਭਾਈ ਹੈ। ਇਹ ਮੰਦਭਾਗਾ ਹੈ ਕਿ ਅਚਾਨਕ ਜੰਗ ਸ਼ੁਰੂ ਹੋਣ ਕਾਰਨ ਵੱਡੀ ਗਿਣਤੀ ਵਿੱਚ ਪੰਜਾਬੀ ਮੱਧ ਪੂਰਬ ਵਿੱਚ ਫਸੇ ਹੋਏ ਹਨ। ਕੇਂਦਰ ਸਰਕਾਰ ਨੂੰ ਫਸੇ ਪੰਜਾਬੀਆਂ ਨੂੰ ਵਾਪਸ ਲਿਆਉਣ ਲਈ ਵਿਸ਼ੇਸ਼ ਜਹਾਜ਼ਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ।"

# ਮੱਧ ਪੂਰਬ 'ਚ ਫਸੇ ਪੰਜਾਬੀਆਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਡਾ. ਰਵਜੋਤ ਸਿੰਘ ਨੇ ਵਿਦੇਸ਼ ਮੰਤਰਾਲੇ ਤੋਂ ਤੁਰੰਤ ਦਖਲ ਦੀ ਕੀਤੀ ਮੰਗ



ਚੰਡੀਗੜ੍ਹ : ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਜੰਗ ਕਾਰਨ ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਕੇਂਦਰੀ ਵਿਦੇਸ਼ ਮੰਤਰੀ ਦੇ ਤੁਰੰਤ ਦਖਲ ਦੀ ਮੰਗ ਕੀਤੀ। ਕੇਂਦਰੀ ਵਿਦੇਸ਼ ਮੰਤਰੀ ਨੂੰ ਲਿਖੇ ਇੱਕ ਪੱਤਰ ਵਿੱਚ, ਉਨ੍ਹਾਂ ਨੇ ਇਜ਼ਰਾਈਲ ਅਤੇ ਈਰਾਨ ਦਰਮਿਆਨ ਜੰਗ ਦੇ ਮੱਦੇਨਜ਼ਰ ਉੱਥੇ ਫਸੇ ਪੰਜਾਬੀਆਂ ਨੂੰ ਸੁਰੱਖਿਅਤ ਵਾਪਸ ਲਿਆਉਣ ਦੇ ਸਬੰਧ ਵਿੱਚ ਉਨ੍ਹਾਂ ਨਾਲ ਤੁਰੰਤ ਮੀਟਿੰਗ ਕਰਨ ਦੀ ਮੰਗ ਕੀਤੀ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੱਧ ਪੂਰਬ ਵਿੱਚ ਇਹ ਤਣਾਅ ਸਾਡੇ ਲੋਕਾਂ ਦੀ ਸੁਰੱਖਿਆ ਲਈ ਇੱਕ ਗੰਭੀਰ ਖ਼ਤਰਾ ਪੈਦਾ ਕਰਦਾ ਹੈ। ਸਥਿਤੀ ਦੀ ਨਾਜ਼ੁਕ ਪ੍ਰਕਿਰਤੀ ਨੂੰ ਦੇਖਦਿਆਂ, ਮੰਤਰੀ ਨੇ ਕਿਹਾ ਕਿ ਉੱਥੇ ਫਸੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਨੂੰ ਵਾਪਸ ਲਿਆਉਣ ਲਈ ਸੁਰੱਖਿਅਤ ਪ੍ਰਬੰਧ ਕਰਨ ਲਈ ਤੁਰੰਤ ਤਾਲਮੇਲ ਬੇਹੱਦ ਜ਼ਰੂਰੀ ਹੈ।

ਇਸ ਦੌਰਾਨ ਕੈਬਨਿਟ ਮੰਤਰੀ ਨੇ ਚੱਲ ਰਹੀ ਜੰਗ ਕਾਰਨ ਯੂਏਈ ਦੇ ਵੱਖ-ਵੱਖ ਹਵਾਈ ਅੱਡਿਆਂ 'ਤੇ ਫਸੇ ਪੰਜਾਬ ਦੇ ਸੈਲਾਨੀਆਂ ਅਤੇ ਨਿਵਾਸੀਆਂ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਗੱਲਬਾਤ ਦੌਰਾਨ, ਉਨ੍ਹਾਂ ਨੇ ਇਸ ਗੰਭੀਰ ਸੰਕਟ ਦੀ ਘੜੀ ਵਿੱਚ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਜਾਣਕਾਰੀ ਲਈ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ, ਕੇਂਦਰ ਸਰਕਾਰ ਅਤੇ ਮੱਧ ਪੂਰਬ ਵਿੱਚ ਭਾਰਤੀ ਦੂਤਾਵਾਸਾਂ ਨਾਲ ਲਗਾਤਾਰ ਗੱਲਬਾਤ ਕੀਤੀ ਜਾ ਰਹੀ ਹੈ। ਡਾ. ਰਵਜੋਤ ਸਿੰਘ ਨੇ ਫਸੇ ਹੋਏ ਲੋਕਾਂ ਨੂੰ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਉਨ੍ਹਾਂ ਦੀ ਸੁਰੱਖਿਅਤ ਪੰਜਾਬ ਵਾਪਸੀ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ।

# ਅਕਾਲੀ ਦਲ ਪੁਨਰ ਸੁਰਜੀਤ ਦੀ ਸਟੇਜ ਤੋਂ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਬਾਦਲ ਨੂੰ ਘੇਰਿਆ



ਅੰਮ੍ਰਿਤਸਰ: 'ਅਕਾਲੀ ਦਲ ਪੁਨਰ ਸੁਰਜੀਤ' ਦੀ ਸਟੇਜ ਤੋਂ ਸਾਬਕਾ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਅਕਾਲੀ ਦਲ ਬਾਦਲ ਉੱਤੇ ਨਿਸ਼ਾਨੇ ਸਾਧੇ ਗਏ ਹਨ। ਸਿਆਸੀ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਬਾਦਲ ਪਰਿਵਾਰ ਦੀਆਂ ਨੀਤੀਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੰਗੀ ਗਈ ਮੁਆਫ਼ੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਕਾਲੀ ਦਲ (ਬਾਦਲ) ਨੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਆਪਣੇ ਗੁਨਾਹ ਕਬੂਲ ਕਰਨ ਦਾ ਜੋ ਨਾਟਕ ਕੀਤਾ ਸੀ, ਉਸ ਦੀ ਸੱਚਾਈ ਬਾਹਰ ਆ ਕੇ ਬਦਲ ਗਈ। ਉਨ੍ਹਾਂ ਨੇ ਬਾਦਲ ਪਰਿਵਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ, "ਅਕਾਲੀ ਦਲ ਨੇ ਅਕਾਲ ਤਖ਼ਤ ਸਾਹਿਬ ਅੱਗੇ ਗੁਨਾਹ ਕਬੂਲ ਕੀਤੇ ਸਨ, ਪਰ ਬਾਹਰ ਆ ਕੇ ਬਾਦਲ ਨੇ ਕਿਹਾ ਕਿ ਅਸੀਂ ਗੁਨਾਹ ਇਵੇਂ ਹੀ ਕਬੂਲ ਕਰ ਲਏ ਹਨ।" ਉਨ੍ਹਾਂ ਦੋਸ਼ ਲਾਇਆ ਕਿ ਇਹ ਮੁਆਫ਼ੀ ਦਿਲੋਂ ਨਹੀਂ, ਸਗੋਂ ਸਿਰਫ਼ ਸਿਆਸੀ ਮਜਬੂਰੀ ਸੀ। ਉਨ੍ਹਾਂ ਨੇ ਕਿਹਾ ਹੈ ਕਿ ਜੇਕਰ 2 ਦਸੰਬਰ ਵਾਲਾ ਹੁਕਮਨਾਮਾ ਸੁਖਬੀਰ ਦੇ ਮੁਤਾਬਿਕ ਹੁੰਦਾ ਤਾਂ ਅਸੀਂ ਹੁਣ ਅਹੁਦਿਆਂ ਉੱਤੇ ਬਣੇ ਰਹਿਣਾ ਸੀ ਪਰ ਪੰਜਾਬ ਦੇ ਹਿੱਤਾ ਲਈ ਸਭ ਕੁਝ ਤਿਆਗ ਕਰਨਾ ਜ਼ਰੂਰੀ ਸੀ।

ਗਿਆਨੀ ਰਘਬੀਰ ਸਿੰਘ ਨੇ ਪੰਜਾਬ ਦੇ ਲੋਕਾਂ ਨੂੰ ਪੁਨਰ ਸੁਰਜੀਤ ਅਕਾਲੀ ਦਲ ਦੀ ਲਹਿਰ ਦਾ ਹਿੱਸਾ ਬਣਨ ਤਾਂ 2027 ਵਿੱਚ ਸਰਕਾਰ ਬਣ ਕੇ ਭਲਾਈ ਦੇ ਕੰਮ ਕੀਤੇ ਜਾਣ। ਉਥੇ ਹੀ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ 'ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਪਰੰਪਰਾਵਾਂ ਨੂੰ ਰੋਲ਼ਿਆ ਜਾ ਰਿਹਾ। ਸੁਖਬੀਰ ਬਾਦਲ ਪੈਰਾਂ ਦੇ ਥੱਲੇ ਮਰਿਆਦਾ ਨੂੰ ਰੋਲ਼ ਰਿਹਾ। ਉਨਾਂ ਨੇ ਕਿਹਾ ਹੈ ਕਿ ਲੰਗਰ ਦੀਆਂ ਸੁੱਕੀਆਂ ਰੋਟੀਆਂ ਵੀ ਸ਼੍ਰੋਮਣੀ ਕਮੇਟੀ ਨੇ ਵੇਚ ਦਿੱਤੀਆਂ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਬਾਦਲ ਦਲ ਭਗੌੜਾ ਦਲ ਹੈ। ਪੰਥ ਬਾਦਲ ਪਰਿਵਾਰ ਨੂੰ ਸਵੀਕਾਰ ਨਹੀਂ ਕਰੇਗੀ।

ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਹੈ ਕਿ ਗਿਆਨੀ ਰਘਬੀਰ ਸਿੰਘ ਤੋਂ ਪਹਿਲਾਂ ਗਿਆਨੀ ਹਰਪ੍ਰੀਤ ਸਿੰਘ, ਭਾਈ ਸੁਲਤਾਨ ਸਿੰਘ ਨੂੰ ਵੀ ਅਹੁਦੇ ਤੋਂ ਫ਼ਾਰਗ ਕੀਤਾ ਗਿਆ। 'ਹੁਣ ਤੱਕ ਇਹੀ ਹੁੰਦਾ ਆਇਆ ਹੈ, ਜੋ ਉਨ੍ਹਾਂ ਦੀ ਗੱਲ ਨਹੀਂ ਮੰਨਦਾ ਉਸ ਨੂੰ ਅਹੁਦੇ ਤੋਂ ਹਟਾ ਦਿੱਤਾ ਜਾਂਦਾ ਹੈ'

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਰਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
NUTRA SELECT
100% NATURAL PRODUCT
PRODUCT OF CANADA
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you, OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjer
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਬਾਣ

# ਵਖਤੁ ਵੀਚਾਰੇ ਸੁ ਬੰਦਾ ਹੋਇ॥



ਬੁੱਧ ਸਿੰਘ ਨੀਲੋਂ
94643 70823

ਅਖਾਣ ਹੈ ਕਿ ਸਮਾਂ ਕਿਸੇ ਦਾ ਮਿੱਤ ਨਹੀਂ ਪਰ ਜੇ ਗੰਭੀਰਤਾ ਨਾਲ਼ ਘੋਖਿਆ ਜਾਏ ਤਾਂ ਇਸ ਪਦਾਰਥਵਾਦੀ ਦੌਰ ਵਿੱਚ ਜੇ ਕੋਈ ਸੱਚਾ ਦੋਸਤ, ਮਿੱਤਰ ਤੇ ਯਾਰ ਹੈ ਤਾਂ ਉਹ ਸਮਾਂ ਹੀ ਹੈ। ਅਜੋਕੇ ਪਦਾਰਥਵਾਦੀ ਯੁੱਗ ਵਿੱਚ ਸੱਚਾ ਦੋਸਤ ਢੂੰਡਣਾ ਬਹੁਤ ਮੁਸ਼ਕਲ ਹੈ। ਸਭ ਦਾ ਮੋਹ ਪਿਆਰ ਪਦਾਰਥ ਦੇ ਨਾਲ਼ ਹੈ।

ਰਿਸ਼ਤੇਦਾਰ, ਨਾਤੇ, ਮਿੱਤਰ ਪਿਆਰੇ ਉਦੋਂ ਤੱਕ ਤੁਹਾਡੇ ਨਾਲ਼ ਹਨ ਜਦੋਂ ਤੱਕ ਗਰਜ਼ ਪੂਰੀ ਹੁੰਦੀ ਰਹਿੰਦੀ ਹੈ ਜਾਂ ਕਾਨੂੰਨੀ ਖ਼ਾਨਾਪੂਰਤੀ ਲਈ ਉਨ੍ਹਾਂ ਨੂੰ ਤੁਹਾਡੀ ਲੋੜ ਹੈ। ਜਦੋਂ ਲੋੜ ਪੂਰੀ ਹੋ ਗਈ ਜਾਂ ਕਿਸੇ ਮਜਬੂਰੀ ਵੱਸ ਨਾਂਹ ਹੋ ਗਈ ਤਾਂ ਫਿਰ ਤੂੰ ਕੌਣ ਤੇ ਮੈਂ ਕੌਣ, ਕੋਈ ਰਿਸ਼ਤਾ ਨਹੀਂ, ਕੋਈ ਸਾਂਝ ਭਿਆਲ਼ੀ ਨਹੀਂ। ਮਨੁੱਖ ਨੂੰ ਇਸ ਪਾਸਿਓਂ ਗੁਰਬਾਣੀ ਸੁਚੇਤ ਕਰਦੀ ਆ ਰਹੀ ਹੈ।

ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਤੇ ਦੁਰਘਟਨਾਵਾਂ ਸਾਨੂੰ ਸਚੇਤ ਕਰਦੀਆਂ ਹਨ ਪਰ ਅਸੀਂ ਓਹਨਾਂ ਨੂੰ ਰੱਬ/ਕੁਦਰਤ ਨਾਲ਼ ਜੋੜ ਕੇ ਖੁਦ ਜ਼ੁੰਮੇਵਾਰੀ ਲੈਣ ਤੋਂ ਕਿਨਾਰਾ ਕਰ ਲੈਂਦੇ ਹਾਂ। ਕੁਦਰਤ ਦਾ ਇਹ ਚੱਕਰਵਿਊ ਮਨੁੱਖ ਨੂੰ ਜੋੜਦਾ ਵੀ ਹੈ ਤੇ ਤੋੜਦਾ ਵੀ ਹੈ।

ਅਸੀਂ ਜੁੜਨ ਦੀ ਬਜਾਏ ਟੁੱਟਣ ਦਾ ਕੁੱਝ ਅਜਿਹਾ ਮਾਹੌਲ ਸਿਰਜਦੇ ਹਾਂ ਕਿ ਜਦੋਂ ਤੜੱਕ ਕਰਕੇ ਕੋਈ ਟੁੱਟਦਾ ਹੈ ਜਾਂ ਕੋਈ ਕੁਦਰਤੀ ਭਾਣਾ ਵਰਤਦਾ ਹੈ ਤਾਂ ਅਸੀਂ ਸੰਵਾਦ ਕਰਨ ਦੀ ਬਜਾਏ ਚੁੱਪ ਕਰ ਜਾਂਦੇ ਹਾਂ ਜਾਂ ਬਹਿਸ ਕਰਨ ਲਗਦੇ ਹਾਂ। ਬਹਿਸ ਤੇ ਸੰਵਾਦ ਵਿਚਲੇ ਅੰਤਰ ਨੂੰ ਸਮਝੇ ਬਗੈਰ ਅਸੀਂ ਪਾਣੀ ਵਿੱਚ ਮਧਾਣੀ ਪਾ ਕੇ ਰਿੜਕਦੇ ਰਹਿੰਦੇ ਹਾਂ।

ਅਸੀਂ ਅਕਸਰ ਬੇਲੋੜੇ ਮੁੱਦਿਆਂ ਨੂੰ ਕੇਂਦਰਤ ਕਰਦੇ ਹਾਂ। ਕਿਸੇ ਮਸਲੇ ਦੀਆਂ ਜੜ੍ਹਾਂ ਤੇ ਉਸਦੀਆਂ ਗੁੰਝਲ਼ਾਂ ਨੂੰ ਸਮਝੇ ਬਗੈਰ ਸ਼ਬਦ ਜਾਲ਼ ਬੁਣਦੇ ਹਾਂ। ਇਸ ਸ਼ਬਦ ਜਾਲ਼ ਵਿੱਚ ਫਸ ਕੇ ਅਸੀਂ ਪਾਣੀ ਬਿਨਾਂ ਤੜਫ਼ਦੀ ਮੱਛੀ ਵਾਂਗੂੰ ਸਹਿਕਦੇ ਹਾਂ, ਛਟਪਟਾਉਂਦੇ ਹਾਂ ਤੇ ਕਿਸੇ ਹੋਰ ਦੇ ਸਿਰ ਦੋਸ਼ ਮੜ੍ਹਕੇ ਖੁੱਦ ਨੂੰ ਬਰੀ ਕਰ ਲੈਂਦੇ ਹਾਂ। ਇਹ 'ਵਖਤੁ' ਕਿਸੇ ਦੇ ਪਿਓ ਦੀ ਜਾਗੀਰ ਨਹੀਂ, ਕੀ ਪਤਾ ਪਰਛਾਵਾਂ ਕਦੋਂ ਢਲ਼ ਜਾਵੇ।

ਵਖਤੁ ਵੀਚਾਰੇ ਸੁ ਬੰਦਾ ਹੋਇ ॥

ਹੁਣ ਗੱਲ ਕਰਦੇ ਵਰਤਮਾਨ ਦੇ ਵਿੱਚ ਵਾਪਰਦੇ ਵਰਤਾਰਿਆਂ ਦੀ! ਸਿਆਣੇ ਕਹਿੰਦੇ ਹਨ ਕਿ ਅੱਤ ਖੁਦਾ ਦਾ ਵੈਰ ਹੁੰਦਾ ਹੈ।ਅੱਤ ਦਾ ਅੰਤ ਨੇੜੇ ਹੁੰਦਾ ਹੈ। ਆਤਸ਼ਬਾਜ਼ੀ ਇਕ ਵਾਰ ਪੂਰੀ ਤਾਕਤ ਦੇ ਨਾਲ਼ ਅਸਮਾਨ ਵੱਲ ਚੜ੍ਹਦੀ ਹੈ ਤੇ ਕੁੱਝ ਹੀ ਪਲਾਂ ਬਾਅਦ ਸਿਰ ਪਰਨੇ ਧਰਤੀ ਤੇ ਆ ਡਿੱਗਦੀ ਹੈ।

ਇਕ ਵਾਰ ਚੱਲਿਆ ਤੀਰ ਭਾਂਵੇਂ ਵਾਪਸ ਕਮਾਨ ਵੱਲ ਨਹੀਂ ਮੁੜਦਾ ਪਰ ਨਵਾਂ ਤੀਰ ਚਲਾਉਣ ਤੋਂ ਪਹਿਲਾਂ ਕੁਝ ਸੋਚ ਵਿਚਾਰ ਤੇ ਦੂਜੇ ਨਾਲ਼ ਨਾ ਸਹੀ ਖੁਦ ਨਾਲ ਸੰਵਾਦ ਕਰ ਲੈਣਾ ਚਾਹੀਦਾ ਹੈ। ਸਮਾਜ ਵਿੱਚ ਰਹਿੰਦਿਆਂ ਮਨੁੱਖ ਨੂੰ ਚਾਹੀਦਾ ਬਹੁਤ ਕੁੱਝ ਹੈ ਪਰ ਮਿਲ਼ਦਾ ਓਹੀ ਕੁਝ ਹੈ ਜੋ ਉਸਨੇ ਬੀਜਿਆ ਹੁੰਦਾ ਹੈ।

ਸਮਾਜ ਵਿੱਚ ਡਿਗਰੀਆਂ ਦਾ ਨਹੀਂ ਕਲਾ ਦਾ ਮੁੱਲ ਪੈਂਦਾ ਹੈ ਪਰ ਸ਼ਰਤ ਹੈ ਕਿ ਕਲਾ ਦਾ ਕੋਈ ਪਾਰਖੂ ਹੋਵੇ। ਜੌਹਰੀ ਹੀ ਹੀਰਾ ਪਰਖਦਾ ਹੈ ਤੇ ਗਿਆਨਹੀਣ ਹੀਰੇ ਨੂੰ ਗਧੇ ਦੇ ਗਲ਼ ਪਾ ਕੇ ਬਜ਼ਾਰ ਵਿੱਚ ਬੇਗਾਨਾ ਭਾਰ ਢੋਂਦਾ ਹੈ। ਸਮਾਜ ਵਿੱਚ ਹੁਣ ਕਲਾ ਦੀ ਨਹੀਂ ਸਗੋਂ ਡਿਗਰੀਆਂ ਤੇ ਮਾਇਆ ਦਾ ਬੋਲਬਾਲਾ ਹੈ। ਮਨੁੱਖ ਅਤੇ ਸੋਚ ਵਿਕਾਊ ਹੈ।

ਅਸੀਂ ਕਦੇ ਅਤੀਤ ਤੋਂ ਸੇਧ ਨਹੀਂ ਲਈ ਤੇ ਨਾ ਗਲਤੀਆਂ ਤੋਂ ਕੁੱਝ ਸਿੱਖਿਆ ਤੇ ਮਿਥਿਆ ਹੈ। ਅਸੀਂ ਬਿਨ ਸੋਚੇ ਤੇ ਸਮਝੇ ਆਤਿਸ਼ਬਾਜ਼ੀ ਵਾਂਗੂੰ ਕਦੇ ਫੁੱਲਝੜੀ ਤੇ ਚੱਕਰ ਵਾਂਗੂੰ ਸੜ ਕੇ ਸਵਾਹ ਹੋ ਕੀਰਤਪੁਰ ਪੁਜ ਦੇ ਹਾਂ। ਦੋਸ਼ ਕੁਦਰਤ ਸਿਰ ਲਗਾਉਂਦੇ ਹਾਂ। ਸਾਨੂੰ ਤਾਂ ਭਾਣੇ ਵਿੱਚ ਰਹਿਣਾ ਨਹੀਂ ਆਇਆ। ਉਦੋਂ ਗੁਰੂ ਜੀ ਨੂੰ ਤੇ ਪੰਜਾਬ ਨੂੰ ਬੇਦਾਵਾ ਦੇ ਕੇ ਭੱਜਣ ਵਾਲਿਆਂ ਵਿੱਚ ਉਹ ਕੌਣ ਹਨ ? ਜਿਹੜੇ ਮੁਕਤਸਰ ਦੀ ਡਾਬ ਦੀ ਉਡੀਕ ਵਿੱਚ ਕੋਈ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਹਵਾ ਦਾ ਰੁਖ ਬਦਲਣ ਵਾਲੇ ਕੌਣ ਸਨ ? ਅਤੀਤ ਤੋਂ ਪੁੱਛਿਆ ਜਾ ਸਕਦਾ ਹੈ ?

ਸਮਾਜ ਹੁਣ ਬਾਜ਼ਾਰ ਤੇ ਮੰਡੀ ਵਿੱਚ ਬਦਲ ਗਿਆ ਹੈ। ਹੁਣ ਮਨੁੱਖ ਵਸਤੂਆਂ ਨਹੀਂ, ਵਸਤੂਆਂ ਮਨੁੱਖ ਨੂੰ ਖਰੀਦਦੀਆਂ ਹਨ। ਐ ਸਮਾਜ ਵਿੱਚ ਹਰ ਕੁੱਝ ਵਿਕਾਊ ਹੈ। ਇਸੇ ਕਰਕੇ ਚਾਤਰ ਮਨੁੱਖ ਲਹਿਰਾਂ ਦਾ ਵੀ ਮੁੱਲ ਵੱਟ ਜਾਂਦੇ ਹਨ। ਇਹ ਕੌੜਾ ਸੱਚ ਹੈ ਕਿ ਵੱਟਿਆ ਤੇ ਖੱਟਿਆ ਨਾਲ਼ ਨਹੀਂ ਜਾਂਦਾ। ਇਸੇ ਕਰਕੇ ਹੁਣ ਮਨੁੱਖ ਨਹੀਂ ਜਿਉਂਦਾ, ਵਸਤੂਆਂ ਜਿਉਂਦੀਆਂ ਹਨ।

ਮਨੁੱਖ ਤਾਂ ਉਸੇ ਦਿਨ ਮਰ ਜਾਂਦਾ ਹੈ, ਜਿਸ ਦਿਨ ਉਸਦੇ ਮਨ ਵਿੱਚੋਂ ਮਨੁੱਖਤਾ ਮਰ ਜਾਂਦੀ ਹੈ। ਤਾਂ ਹੀਂ ਇਸ ਸਮੇਂ ਮਰ ਚੁੱਕੇ ਮਨੁੱਖਾਂ ਦੀ ਅਬਾਦੀ ਵਧ੍ਹ ਰਹੀ ਹੈ। ਜਿਉਂਦੇ ਤੇ ਜਾਗਦੇ ਮਨੁੱਖ ਘੱਟ ਰਹੇ ਹਨ। ਸਰਮਾਇਆ ਤੇ ਜਾਇਦਾਦ ਵਧਾਉਣ ਦੀ ਲਾਲਸਾ ਵਿੱਚ ਮਨੁੱਖ ਸਭ ਕੁਝ ਭੁੱਲ ਗਿਆ ਹੈ।ਉਸਦੇ ਅੰਦਰੋਂ ਸਬਰ, ਸੰਤੋਖ, ਰਹਿਮ, ਦਇਆ ਸਭ ਮਨਫ਼ੀ ਹੋ ਗਏ ਹਨ।

ਗਿਆਨ ਦੇ ਬੇਹਿਸਾਬੇ ਪਸਾਰੇ ਨੇ ਮਨੁੱਖ ਨੂੰ ਮਨੁੱਖ ਨਾਲੋਂ ਹੀ ਨਹੀਂ ਸਗੋਂ ਆਪਣੇ ਆਪ ਨਾਲੋਂ ਵੀ ਤੋੜ ਦਿੱਤਾ ਹੈ। ਮਨੁੱਖ ਆਪਣੀ ਲਾਸ਼ ਖੁਦ ਮੋਢਿਆਂ ਉਤੇ ਚੁੱਕੀ ਦੌੜ ਰਿਹਾ ਹੈ ਤੇ ਉਡ ਵੀ ਰਿਹਾ ਹੈ। ਮਨੁੱਖ ਦੀ ਹਾਲਤ ਤਿੱਤਲੀ ਦੀ ਭਟਕਣ ਤੇ ਪਾਣੀ ਦੇ ਬੁਲਬਲੇ ਵਰਗੀ ਹੋ ਗਈ ਹੈ।

ਕੋਈ ਵੱਡਾ ਤੇ ਛੋਟਾ ਹੋ ਸਕਦਾ ਹੈ ਪਰ ਅੰਤ ਸਭ ਦਾ ਇਕੋ ਜਿਹਾ ਹੀ ਹੈ। ਵਖਤੁ ਦੀ ਚਾਲ ਤੇ ਵਖਤੁ ਦੀ ਕਦਰ ਕਰਨ ਵਾਲੇ ਸਦਾ ਟਿਕਾਅ ਵਿੱਚ ਰਹਿੰਦੇ ਹਨ। ਵਖਤੁ ਨੂੰ ਹੱਥਾਂ ਵਿੱਚ ਫੜ੍ਹਨ ਦੀ ਕੋਸ਼ਿਸ਼ ਕਰਨ ਵਾਲ਼ੇ ਖੁਦ ਨੂੰ ਹੀ ਨਹੀਂ ਆਲ਼ਾ ਦੁਆਲ਼ਾ ਵੀ ਸਾੜ ਲੈਂਦੇ ਹਨ। ਹੁਣ ਉਹ ਹੱਥ, ਜਿਹਨਾਂ ਨੇ ਆਪਣਾ ਵਖਤੁ ਬਿਗਾਨੇ ਹੱਥਾਂ ਵਿੱਚ ਫੜਾਇਆ ਹੈ, ਸਵਾਲ ਕਰਦੇ ਹਨ, ਪਰ ਉਹਨਾਂ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਦੇਂਦਾ। ਕਿਉਂਕਿ ਉਹ ਗ਼ਲਤ ਸਮੇਂ ਤੇ ਗ਼ਲਤ ਬੰਦੇ ਨੂੰ ਸਵਾਲ ਕਰਦੇ ਹਨ। ਨਵ-ਰਹੱਸਵਾਦੀ ਕਵੀ ਭਾਈ ਵੀਰ ਸਿੰਘ ਲਿਖਦੇ ਹਨ :-

"ਰਹੀ ਵਾਸਤੇ ਘੱਤ
'ਸਮੇਂ' ਨੇ ਇਕ ਨਾ ਮੰਨੀ,
ਫੜ ਫੜ ਰਹੀ ਧਰੀਕ
'ਸਮੇਂ' ਖਿਸਕਾਈ ਕੰਨੀ !"

ਵਚਨਬੱਧਤਾ ਤੇ ਪ੍ਰਤੀਬੱਧਤਾ ਤੋਂ ਦੂਰ ਹੋ ਰਹੀ ਲੋਕਾਈ ਖੁਦ ਨੂੰ ਤੇ ਮਗਰ ਆ ਰਹੀ ਭੀੜ ਨੂੰ ਖੂਹ ਵਿੱਚ ਡੇਗਣ ਲਈ ਜਾ ਰਹੀ ਹੈ। ਬਹੁਗਿਣਤੀ ਮਨੁੱਖ ਦਿਮਾਗ਼ੋਂ ਪੈਦਲ ਯਾਤਰਾਵਾਂ ਕਰ ਰਹੇ ਹਨ। ਉਹ ਦਿਮਾਗ਼ ਤੋਂ ਨਹੀਂ ਸਗੋਂ ਕੰਨਾਂ ਤੋਂ ਕੰਮ ਲੈਂਦੇ ਹਨ। ਸੁਣੀਆਂ ਤੇ ਸੁਣਾਈਆਂ ਮਨਘੜਤ ਗੱਲਾਂ ਉਤੇ ਅੱਖਾਂ ਮੀਚ ਕੇ ਭਰੋਸਾ ਕਰਦੇ ਹਨ ਪਰ ਉਨ੍ਹਾਂ ਦੀ ਨਰਕ ਬਣੀ ਜ਼ਿੰਦਗੀ ਨਹੀਂ ਬਦਲਦੀ।

ਸਾਧਾਂ ਦੇ ਡੇਰੇ ਤੇ ਹੋਰ ਧਾਰਮਿਕ ਅਸਥਾਨਾਂ ਦੇ ਪੁਜਾਰੀ ਤੇ ਬਾਬੇ ਬਿਨਾਂ ਕੋਈ ਸਾਰਥਕ ਕੰਮ ਕੀਤਿਆਂ ਪਲ਼ੀ ਜਾਂਦੇ ਹਨ। 'ਬਾਬਿਆਂ ਦੇ ਕਿਹੜੇ ਨੇ ਟਰਾਲੇ ਚੱਲਦੇ' ਵਾਲੀ ਗੱਲ ਸਹੀ ਹੈ। ਦੁਨੀਆਂ ਵਿੱਚ ਅੰਧ ਵਿਸ਼ਵਾਸ਼ੀ ਲੋਕਾਂ ਦੀ ਕਿਰਪਾ ਦੇ ਨਾਲ਼ ਇਹਨਾਂ ਦੀਆਂ ਵੱਡੀਆਂ ਵੱਡੀਆਂ ਆਲੀਸ਼ਾਨ ਇਮਾਰਤਾਂ ਬਣ ਜਾਂਦੀਆਂ ਹਨ ਪਰ ਬਾਬਿਆਂ ਦੇ ਚਰਨ ਸੇਵਕਾਂ ਦੀ ਜੂਨ ਨਹੀਂ ਸੌਰਦੀ। ਜੇ ਕੋਈ ਉਨ੍ਹਾਂ ਨੂੰ ਕੋਈ ਅਕਲ ਦੀ ਗੱਲ ਦੱਸੇ ਤਾਂ ਉਹ ਗਲ਼ ਪੈਣ ਨੂੰ ਆਉਂਦੇ ਹਨ।

ਵਖਤੁ ਦੀ ਕਦਰ ਕਰਨ ਵਾਲ਼ਿਆਂ ਦੀ ਗਿਣਤੀ ਸੁੰਗੜ ਰਹੀ ਹੈ। ਇਸੇ ਕਰਕੇ ਬੰਦੇ ਦੀਆਂ ਭਾਵਨਾਵਾਂ ਬਹੁਤ ਛੇਤੀ ਭੜਕ ਜਾਂਦੀਆਂ ਹਨ। ਜਦੋਂ ਬੰਦੇ ਦੀਆਂ ਭਾਵਨਾਵਾਂ ਛੇਤੀ ਛੇਤੀ ਭੜਕਣ ਲੱਗ ਜਾਣ ਤਾਂ ਧਰਮ ਤੇ ਸਿਆਸਤ ਦੇ ਠੇਕੇਦਾਰਾਂ ਦੀ ਆਮਦਨ ਵਿੱਚ ਚੋਖਾ ਵਾਧਾ ਹੁੰਦਾ ਹੈ ਪਰ ਵਖਤੁ ਵੀਚਾਰਨ ਵਾਲ਼ੇ ਸਦਾ ਸਬਰ ਸੰਤੋਖ ਦੀ ਜ਼ਿੰਦਗੀ ਜਿਉਂਦੇ ਹਨ। ਉਹ ਸਦਾ ਖੁਸ਼ ਰਹਿੰਦੇ ਹਨ। ਕੀ ਤੁਸੀਂ ਖ਼ੁਦ ਖ਼ੁਸ਼ ਹੋ? ਤੁਸੀਂ ਆਪਣੇ ਦੁਸ਼ਮਣਾਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੂੰ ਪਛਾਣ ਕੇ ਉਹਨਾਂ ਉਪਰ ਲਗਾਮ ਕੱਸੀ ਹੈ ਜਾਂ ਫਿਰ? ਜਦੋਂ ਮਹਾਨ ਸਿਕੰਦਰ ਦੁਨੀਆਂ ਜਿੱਤਣ ਤੁਰਿਆ ਸੀ, ਤਾਂ ਦੇਸ਼ ਪੰਜਾਬ ਦੀ ਧਰਤੀ ਤੇ ਉਸਦਾ ਟਾਕਰਾ ਇੱਕ ਫੱਕਰ ਨਾਲ਼ ਹੋਇਆ ਸੀ, ਜਿਸਨੇ ਸਿਕੰਦਰ ਦਾ ਹੰਕਾਰ ਤੋੜਿਆ ਸੀ। ਮਨ ਜੀਤੇ ਜਗ ਜੀਤ!!




# ਇਹ ਹੈ ਦੁਨੀਆ ਦੀ ਸਭ ਤੋਂ ਮਸ਼ਹੂਰ ਅਤੇ ਰਹੱਸਮਈ ਪੇਂਟਿੰਗ ਮੋਨਾ ਲੀਸਾ



ਇਸ ਨੂੰ ਮਹਾਨ ਕਲਾਕਾਰ ਲਿਓਨਾਰਡੋ ਦਾ ਵਿੰਚੀ ਨੇ 1503 ਤੋਂ 1506 ਦੇ ਵਿਚਕਾਰ ਬਣਾਇਆ ਸੀ।

ਦਾ ਵਿੰਚੀ ਸਿਰਫ਼ ਚਿੱਤਰਕਾਰ ਨਹੀਂ ਸਨ, ਉਹ ਵਿਗਿਆਨੀ, ਇੰਜੀਨੀਅਰ ਅਤੇ ਖ਼ੋਜੀ ਵੀ ਸਨ। ਓਹਨਾਂ ਵਿੱਚ ਬੇਹੱਦ ਹੁਨਰ ਸੀ।

ਓਹਨਾਂ ਦੀ ਕਾਬਲੀਅਤ ਅਤੇ ਰਹੱਸਮਈ ਸ਼ਖਸੀਅਤ ਨੇ ਇਸ ਪੇਂਟਿੰਗ ਦੀ ਪ੍ਰਸਿੱਧੀ ਹੋਰ ਵਧਾ ਦਿੱਤੀ। ਕਿਹਾ ਜਾਂਦਾ ਹੈ ਕਿ ਜੇ ਤੁਸੀਂ ਇਸ ਨੂੰ ਖੱਬੇ ਪਾਸੇ ਤੋਂ ਦੇਖੋ ਤਾਂ ਇਹ ਮੁਸਕਰਾਉਂਦੀ ਹੋਈ ਲੱਗਦੀ ਹੈ ਅਤੇ ਸੱਜੇ ਪਾਸੇ ਤੋਂ ਦੇਖਣ 'ਤੇ ਚਿਹਰਾ ਕੁਝ ਗੰਭੀਰ ਅਤੇ ਰਹੱਸਮਈ ਦਿਖਾਈ ਦਿੰਦੀ ਹੈ।

ਇਸ ਦਾ ਰਾਜ਼ "ਸਫੂਮਾਟੋ" ਨਾਮ ਦੀ ਤਕਨੀਕ ਵਿੱਚ ਲੁਕਿਆ ਹੋਇਆ ਹੈ, ਜਿਸ ਦਾ ਇਸਤੇਮਾਲ ਦਾ ਵਿੰਚੀ ਨੇ ਕੀਤਾ ਸੀ।ਸਫੂਮਾਟੋ ਵਿੱਚ ਰੰਗਾਂ ਦੇ ਵਿਚਕਾਰ ਕੋਈ ਤੇਜ਼ ਲਕੀਰ ਨਹੀਂ ਹੁੰਦੀ, ਸਭ ਕੁਝ ਧੁੰਦਲਾ ਤੇ ਨਰਮ ਦਿਖਾਈ ਦਿੰਦਾ ਹੈ।

ਇਸ ਕਰਕੇ ਚਿਹਰਾ ਬਹੁਤ ਨਰਮ, ਜੀਵਿਤ ਅਤੇ ਲਗਭਗ ਸਾਹ ਲੈਂਦਾ ਹੋਇਆ ਮਹਿਸੂਸ ਹੁੰਦਾ ਹੈ। ਪਰ ਇਸ ਦੀ ਕਹਾਣੀ ਸਿਰਫ਼ ਕਲਾ ਤੱਕ ਸੀਮਿਤ ਨਹੀਂ।

1911 ਵਿੱਚ ਇਹ ਪੇਂਟਿੰਗ ਪੈਰਿਸ ਤੋਂ ਚੋਰੀ ਹੋ ਗਈ ਸੀ ਅਤੇ ਦੋ ਸਾਲ ਤੱਕ ਗਾਇਬ ਰਹੀ। ਜਦੋਂ ਇਹ ਵਾਪਸ ਮਿਲੀ, ਤਾਂ ਪੂਰੀ ਦੁਨੀਆ ਵਿੱਚ ਇਸ ਦੀ ਚਰਚਾ ਹੋਰ ਵੱਧ ਗਈ।

ਅੱਜ ਇਹ ਪੇਂਟਿੰਗ ਲੂਵਰ ਮਿਊਜ਼ੀਅਮ ਵਿੱਚ ਸੁਰੱਖਿਅਤ ਰੱਖੀ ਹੋਈ ਹੈ। ਹਰ ਸਾਲ ਲੱਖਾਂ ਲੋਕ ਸਿਰਫ਼ ਇਸ ਨੂੰ ਦੇਖਣ ਲਈ ਪੈਰਿਸ ਜਾਂਦੇ ਹਨ।

ਇਸ ਨੂੰ ਬੇਮੁੱਲ ਮੰਨਿਆ ਜਾਂਦਾ ਹੈ, ਪਰ ਇਸ ਦਾ ਬੀਮਾ ਮੁੱਲ ਸੈਂਕੜਿਆਂ ਮਿਲੀਅਨ ਡਾਲਰ ਗਿਣਿਆ ਗਿਆ ਹੈ।

ਇੱਕ ਛੋਟੀ ਜਿਹੀ ਪੇਂਟਿੰਗ, ਪਰ ਸਦੀਆਂ ਤੋਂ ਦੁਨੀਆ ਨੂੰ ਹੈਰਾਨ ਕਰ ਰਹੀ ਹੈ।

ਏਹੀ ਕਲਾ ਦੀ ਅਸਲੀ ਤਾਕਤ ਹੈ — ਇੱਕ ਮੁਸਕਾਨ, ਜੋ 500 ਸਾਲ ਬਾਅਦ ਵੀ ਰਹੱਸ ਬਣੀ ਹੋਈ ਹੈ।

ਸਤਨਾਮ ਦੂਹੇਵਾਲਾ

# ਈਰਾਨ ਅਮਰੀਕਾ ਦੀ ਜੰਗ !



ਮੱਧ ਪੂਰਬ 'ਚ ਈਰਾਨ ਅਮਰੀਕਾ ਦਾ ਬਾਕੀ ਬਚਦਾ ਇੱਕੋ ਇੱਕ ਦੁਸ਼ਮਣ ਮੁਲਕ ਹੈ, ਇਸ ਵਕਤ ਇਜ਼ਰਾਈਲ ਦੀ ਪਿੱਠ ਤੇ ਸਵਾਲ ਹੋਕੇ ਅਮਰੀਕਾ ਈਰਾਨ ਨਾਲ ਜੰਗ ਲੜ੍ਹ ਰਿਹਾ ਹੈ। ਕਿਸੇ ਵਕਤ ਪਰਸ਼ੀਆ ਦੇ ਨਾਮ ਨਾਲ ਜਾਣਿਆ ਜਾਂਦਾ ਈਰਾਨ ਦੁਨੀਆਂ ਦੀਆਂ ਮੁਢੱਲੀਆਂ ਸੱਭਿਆਤਾਵਾਂ ਵਿੱਚੋਂ ਇੱਕ ਰਿਹਾ ਹੈ।ਈਰਾਨ ਇੱਕ ਸ਼ੀਆ ਮੁਸਲਿਮ ਮੁਲਕ ਹੈ, ਸ਼ੀਆ ਮੁਸਲਮਾਨਾਂ ਨੂੰ ਆਮ ਕਰਕੇ ਸੁੰਨੀਆਂ ਤੋਂ ਘੱਟ ਕੱਟੜ ਮੰਨਿਆ ਜਾਂਦਾ ਹੈ। ਮੱਧ ਏਸ਼ੀਆ 'ਚ ਬਾਕੀ ਸੁੰਨੀ ਮੁਸਲਿਮ ਮੁਲਕ ਈਰਾਨ ਦੇ ਵਿਰੋਧ 'ਚ ਇਸੇ ਲਈ ਹਨ ਉਹ ਚੋਰੀ ਛੁਪੇ ਅਮਰੀਕਾ ਤੇ ਇਜ਼ਰਾਈਲ ਨਾਲ ਖੜ੍ਹੇ ਰਹੇ ਹਨ। ਇਹਨਾਂ ਮੁਲਕਾਂ ਨੇ ਈਰਾਨ ਖਿਲਾਫ ਸੁੰਨੀ ਮੁਸਲਿਮ ਧੜ੍ਹਿਆਂ ਨੂੰ ਇਸਤੇਮਾਲ ਵੀ ਕੀਤਾ ਤੇ ਵਿਦਰੋਹ ਦੇ ਯਤਨ ਕੀਤੇ। ਜਿਵੇਂ ਕੁਰਦ , ਬਲੋਚ ਤੇ ਤੁਰਕ।

ਇਸੇ ਤਰ੍ਹਾਂ ਇਰਾਨ ਵੀ ਸ਼ੀਆ ਲੜਾਕਿਆਂ ਨੂੰ ਵਿਦਰੋਹੀ ਬਣਾ ਕੇ ਬਾਕੀ ਸੁੰਨੀ ਮੁਲਕਾਂ ਖਿਲਾਫ ਵਰਤਦਾ ਰਿਹਾ ਹੈ। ਜਿਵੇਂ ਯਮਨ ਵਿਚ ਹੂਤੀ, ਲੇਬਨਾਨ ਵਿਚ ਹੈਜ਼ਬੁੱਲਾ , ਸੀਰੀਆ ਵਿੱਚ ਅਸਦ।

ਇੱਕ ਦੂਸਰੇ ਤੇ ਕਾਬੂ ਕਰਨ ਲਈ ਇਹਨਾਂ ਨੇ ਵਿਦਰੋਹੀਆਂ ਨੂੰ ਹਥਿਆਰ ਵੀ ਦਿੱਤੇ ਤੇ ਲੜੇ ਵੀ। ਇਹਨਾਂ ਦੀ ਲੜਾਈ ਹਟਾਉਣ ਲਈ ਬਾਂਦਰ ਵਾਂਗ ਅਮਰੀਕਾ ਹਮੇਸ਼ਾਂ ਇਥੇ ਟਿਕਿਆ ਰਿਹਾ ਤੇ ਵਰਤਦਾ ਰਿਹਾ।

ਹੁਣ ਇਜ਼ਰਾਈਲ ਨੇ ਦੋਸ਼ ਲਾਇਆ ਕਿ ਈਰਾਨ ਪਰਮਾਣੂ ਹਥਿਆਰ ਬਣਾ ਕੇ ਵਿਦਰੋਹੀਆਂ ਨੂੰ ਵੰਡ ਕੇ ਸੁੰਨੀ ਮੁਲਕਾਂ ਤੇ ਇਜ਼ਰਾਇਲ ਦਾ ਨੁਕਸਾਨ ਕਰਨ ਵਾਲਾ ਸੀ।

ਇਸ ਲਈ ਉਸਨੇ ਦੋ ਸਾਲਾਂ ਦੀ ਲੰਬੀ ਪਲੇਨਿੰਗ ਤੋਂ ਬਾਅਦ ਚੁਣ ਚੁਣ ਕੇ ਇਰਾਨ ਦੀ ਪ੍ਰਮਾਣੂ ਵਿਗਿਆਨੀਆਂ ਤੇ ਫੌਜ਼ੀ ਅਫਸਰਾਂ ਨੂੰ ਮਾਰ ਦਿੱਤਾ ਹੈ।

ਟੈਕਨਾਲੌਜੀ ਚ ਇਜ਼ਰਾਇਲ ਦਾ ਕੋਈ ਸਾਨੀ ਨਹੀਂ ਪਰ ਫਿਰ ਵੀ ਰੂਸ ਤੇ ਚੀਨ ਦੀ ਗੁਪਤ ਸਪੋਰਟ ਨਾਲ ਇਰਾਨ ਵੀ ਕਿਸੇ ਪਾਸੇ ਤੋਂ ਘੱਟ ਨਹੀਂ ਹੈ।

ਇਜ਼ਰਾਇਲ ਨੇ ਦੁਨੀਆਂ ਦੀ ਹਰ ਪਾਬੰਦੀ ਦੀ ਉਲੰਘਣਾ ਕੀਤੀ ਹੈ ਤੇ ਈਰਾਨ ਨੂੰ ਉਹ ਮੰਨਣ ਲਈ ਕਹਿ ਰਿਹਾ ਹੈ।

ਦੂਸਰੇ ਪਾਸੇ ਇਰਾਨ ਵਿਚ 1979 ਇਸਲਾਮਿਕ ਕ੍ਰਾਂਤੀ ਮਗਰੋਂ ਜਿਹੜਾ ਸ਼ੀਆ ਮੁਸਲਿਮ ਧਰਮ ਦਾ ਮੌਜੂਦਾ ਸਰੂਪ ਹੈ ਉਹ ਕਾਫੀ ਕੱਟੜ ਭਰਿਆ ਹੈ। ਜਿਸ ਵਿੱਚ ਮੱਧ ਕਾਲ ( 8ਵੀ ਤੋਂ 16 ਵੀ ਸਦੀ )ਵਿੱਚ ਮੁਸਲਿਮ ਰਾਜ ਨੂੰ ਮੁੜ ਲੈਕੇ ਆਉਣ ਦੇ ਸੁਪਨੇ ਹਨ। ਜਿਸਦਾ ਨਤੀਜਾ ਇਹੀ ਹੈ ਕਿ ਉਹ ਹਰ ਹੀਲੇ ਲੜ੍ਹਨ ਤੇ ਮਰਨ ਲਈ ਉਤਾਰੂ ਹੈ।

ਈਰਾਨ ਭਾਰਤ ਦਾ ਸਦਾ ਸਾਥੀ ਰਿਹਾ ਹੈ, ਚਾਹੇ ਉਹ ਤੇਲ ਦੇ ਮਾਮਲੇ ਚ ਹੋਏ ਜਾਂ ਇਥੋਂ ਜਾਂਦੇ ਚੌਲ ਤੇ ਬਾਸਮਤੀ ਦੇ ਮਾਮਲੇ ਵਿੱਚ ਜਾਂ ਚਰਬਾਹ ਬੰਦਰਗਾਹ ਦੇ ਮਾਮਲੇ ਵਿੱਚ, ਹਜ਼ਾਰਾਂ ਭਾਰਤੀ ਓਥੇ ਕੰਮ ਕਰਦੇ ਹਨ।

ਪਰ ਮੱਧ ਪੂਰਬ ਦੇ ਆਪਸੀ ਧਾਰਮਿਕ ਕੱਟੜਵਾਦ ਤੇ ਮੁਸਲਿਮ ਫ਼ਿਰਕਿਆਂ ਵਿੱਚ ਆਪਸੀ ਰੰਜਿਸ਼ ਵਿੱਚ ਇਸ ਮੁਲਕ ਨੇ ਕਰੀਬ ਕਰੀਬ ਖੁਦ ਨੂੰ ਬਰਬਾਦ ਕਰ ਹੀ ਲਿਆ ਹੈ। ਪਰ ਦੂਸਰੇ ਪਾਸੇ ਜਾਂਦੇ ਜਾਂਦੇ ਇਹ ਇਜ਼ਰਾਈਲ ਨੂੰ ਕਿੰਨਾ ਬਰਬਾਦ ਕਰ ਸਕੇਗਾ ਇਹ ਆਉਣ ਵਾਲੇ ਦਿਨਾਂ ਚ ਪਤਾ ਲੱਗੇਗਾ, ਇਜ਼ਰਾਈਲ ਖੁਦ ਵੀ ਇਹਨਾਂ ਮਾਮਲਿਆਂ ਚ ਕਿਸੇ ਹੋਰ ਮੁਲਕ ਨਾਲੋਂ ਘੱਟ ਕੱਟੜ ਨਹੀਂ ਹੈ।

ਸੋ ਕੱਟੜਤਾ ਕਿਸੇ ਵੀ ਤਰ੍ਹਾਂ ਦੀ ਹੋਏ ਉਹ ਦੇਸ਼ਾਂ ਨੂੰ ਤਬਾਹ ਕਰਨ ਦੀ ਤਾਕਤ ਰੱਖਦੀ ਹੈ, ਬੰਦੇ ਤਾਂ ਕਾਹਦੇ ਪਾਣੀਹਾਰ ਹਨ।

ਹਰਜੋਤ ਸਿੰਘ, 70094-52602







CANADIAN TRUCK TRAINING CENTRE

ਤਸੱਲੀਬਕਸ਼ ਸੇਵਾਵਾਂ ਲਈ

ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS


# ਕੁਰਸੀ ਨਾਚ ਨਚਾਏ..!





ਚਰਨਜੀਤ ਭੁੱਲਰ

ਚੰਡੀਗੜ੍ਹ : ਚੋਣਾਂ ਦਾ ਫ਼ੈਸ਼ਨ ਸਦਾ ਬਹਾਰ ਹੈ। ਧੰਨ ਹਮਾਰੇ ਨੇਤਾ, ਜਿਨ੍ਹਾਂ ਫ਼ੈਸ਼ਨ ਦੀ ਗੁੱਡੀ ਚੜ੍ਹਾਈ। ਤਾਹੀਂ ਹੁਣ ਕੋਈ ਗੋਡੇ ਬਦਲਾ ਰਿਹੈ, ਕੋਈ ਮੁਫ਼ਤ ਰਾਸ਼ਨ ਛਕਾ ਰਿਹੈ, ਕੋਈ ਬੈਂਡ ਵਜਾ ਰਿਹੈ ਤੇ ਔਹ ਭਾਈ ਹੰਝੂ ਵਹਾ ਰਿਹੈ। ਖ਼ਾਮੋਸ਼! ਰਾਹਤ ਇੰਦੌਰੀ ਇੰਜ ਫ਼ਰਮਾ ਰਿਹੈ, 'ਸਰਹੱਦੋਂ ਪਰ ਬਹੁਤ ਤਨਾਵ ਹੈ ਕਯਾ, ਕੁਛ ਪਤਾ ਕਰੋ ਕਹੀਂ ਚੁਨਾਵ ਹੈ ਕਯਾ'। ਸ਼ੁਰੂਆਤ ਪਟਿਆਲੇ ਵਾਲੇ ਮਹਾਰਾਜੇ ਤੋਂ। ਚੋਣਾਂ 'ਚ ਖੜ੍ਹਾ ਹੋਣਾ ਹੋਊ, ਅਮਰਿੰਦਰ ਨੇ ਸ਼ਾਇਦ ਤਾਹੀਂ ਗੋਡੇ ਬਦਲਾਏ ਨੇ। ਦਿਨ ਦੇਖਿਆ ਨਾ ਰਾਤ, ਪੰਜਾਬ ਦੀ ਸੇਵਾ 'ਚ ਗੋਡੇ ਘਸਾ ਬੈਠਾ। ਨਸ਼ਿਆਂ ਦਾ ਲੱਕ ਟੁੱਟਿਆ ਨੀ, ਗੋਡਿਆਂ ਦਾ ਗਰੀਸ ਮੁਕਾ ਬੈਠਾ।

ਸਿਸਵਾਂ ਮਹਿਲ 'ਚ ਹੁਣ ਇਕੱਲੇ ਬੈਠੇ ਨੇ, ਰੇਡੀਓ ਕੋਲ ਵੱਜਦਾ ਪਿਐ, 'ਕਹਾਂ ਗਏ ਵੋਹ ਦਿਨ..'। 'ਧੰਨ ਪੰਜਾਬੀ ਮਾਵਾਂ ਦੇ ਜਾਏ, ਜਿਨ੍ਹਾਂ ਵੱਡੇ ਕੋਟ ਨਿਵਾਏ।' ਗੋਡਿਆਂ ਤੋਂ ਵਾਜਪਾਈ ਦਾ ਚੇਤਾ ਆਇਐ। ਅਮਰੀਕੀ ਡਾਕਟਰਾਂ ਤੋਂ ਵਾਜਪਾਈ ਨੇ ਗੋਡੇ ਬਦਲਾਏ। ਨੌ ਬਰ ਨੌ ਹੋਣ 'ਤੇ ਵਾਜਪਾਈ ਬੋਲੇ, 'ਚਲੋ ਗੋਡੇ ਦੇਸ਼ ਦਾ ਭਾਰ ਝੱਲਣ ਜੋਗੇ ਤਾਂ ਹੋਏ'। ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਬਕਾਇਦਾ ਦਫ਼ਤਰ 'ਚ ਮਾਟੋ ਲਾਇਆ ਸੀ, 'ਮਾਈ-ਭਾਈ ਫ਼ਤਿਹ ਬੁਲਾਓ, ਗੋਡੀਂ ਹੱਥ ਨਾ ਲਾਓ।' ਚਾਪਲੂਸੀਏ ਕਿਥੇ ਟਲਦੇ ਨੇ, ਗੋਡੀਂ ਹੱਥ ਲਾ ਲਾ ਵਿਚਾਰੇ ਦੇ ਗੋਡੇ ਘਸਾ'ਤੇ। ਆਖ਼ਰ ਤ੍ਰਿਪਤ ਬਾਜਵੇ ਨੂੰ ਗੋਡੇ ਬਦਲਾਉਣੇ ਪਏ।

ਲਕਸ਼ਮੀ ਕਾਂਤ-ਪਿਆਰੇ ਲਾਲ ਤੋਂ ਵੱਧ ਕੇਰਾਂ 'ਕਾਂਗੜ ਦਾ ਗੋਡਾ ਤੇ ਸਦੀਕ ਦਾ ਮੋਢਾ' ਮਸ਼ਹੂਰ ਹੋਇਆ ਸੀ। ਗੁਰਪ੍ਰੀਤ ਕਾਂਗੜ ਨੇ ਵੇਲੇ ਸਿਰ ਗੋਡੇ ਬਦਲਾਏ ਸਨ। ਗੋਡਿਆਂ ਨੂੰ ਛੱਡੀਏ, ਚੋਣਾਂ ਦੀ ਰੁੱਤ ਐ, ਸਿਆਸੀ ਗਿਰਝਾਂ 'ਤੇ ਫੋਕਸ ਕਰਦੇ ਹਾਂ। 'ਲੱਕ ਲੱਕ ਹੋ ਗਏ ਬਾਜਰੇ, ਰੁੱਤ ਯਾਰੀਆਂ ਲਾਉਣ ਦੀ ਆਈ।' ਸਿਆਸੀ ਅੰਬਾਂ ਨੂੰ ਬੂਰ ਪਿਐ, ਕੋਇਲਾਂ ਕੂਕਣ ਲੱਗੀਆਂ ਨੇ। ਫ਼ਿਲਮ ਨਿੱਕਾ ਜ਼ੈਲਦਾਰ ਦਾ ਇੱਕ ਅਦਾਕਾਰ ਮੁੱਢ ਬੰਨਦੈ, 'ਬੇਬੇ! ਹੱਥ ਜੋੜ ਕੇ ਫ਼ੋਟੋ ਖਿਚਵਾ, ਆਖ਼ਰ ਨੂੰ ਵੋਟਾਂ ਮੰਗਣੀਆਂ ਨੇ।' ਕੋਲੰਬਸ ਦੀ ਰੂਹ ਹੁਣ 'ਕੱਲੇ 'ਕੱਲੇ ਵੋਟਰ ਨੂੰ ਲੱਭੇਗੀ। ਚੋਣਾਂ ਦੇ ਮੌਸਮ 'ਚ ਕਹਿਣਗੇ, 'ਹਮ ਸਾਥ ਸਾਥ ਹੈਂ। 'ਸੱਤਾ ਮਿਲਣ 'ਤੇ ਆਖਣਗੇ,'ਹਮ ਆਪ ਕੇ ਹੈਂ ਕੌਣ।'

ਧੰਨੇ ਭਗਤ ਵਾਂਗੂ ਵੋਟਰ ਵੀ ਭੋਲਾ ਪਾਤਸ਼ਾਹ ਐ ਜਿਹੜਾ ਸੋਚਦੈ ਕਿ ਨੇਤਾ ਜਣ ਉਸ ਦੀਆਂ ਗਊਆਂ ਚਾਰਨਗੇ। ਭੋਲਿਆ! ਇਹ ਤਾਂ ਬੰਦੇ ਚਾਰਦੇ ਨੇ।ਜਰਾ ਸੰਭਲ ਕੇ! ਨੇਤਾਵਾਂ ਦੇ ਵੱਗ ਆਉਣਗੇ, ਜੱਫੀਆਂ ਪਾਉਣਗੇ, ਨਾਲੇ ਗਾਉਣਗੇ,' ਛੋੜੇਂਗੇ ਨਾ ਹਮ ਤੇਰਾ ਸਾਥ, ਸਾਥੀ ਮਰਤੇ ਦਮ ਤੱਕ।' ਬਾਅਦ 'ਚ ਤੈਨੂੰ ਸੰਘ ਸੁਕਾਉਣਾ ਪੈਣਾ,'ਕਿਆ ਹੂਆ ਤੇਰਾ ਵਾਅਦਾ..।' ਚੋਣਾਂ ਮੌਕੇ ਮਾਫ਼ੀਵੀਰ ਬਣ ਨਵੇਂ ਪ੍ਰਿੰਟਾਂ 'ਚ ਆਉਂਦੇ ਨੇ, ਪੈਰੀਂ ਹੱਥ ਲਾ ਆਖਦੇ ਨੇ, 'ਇੱਕ ਮੌਕਾ ਦੇ ਸਾਨੂੰ ਭੁੱਲਾਂ ਬਖ਼ਸ਼ਾਉਣ ਦਾ।' ਆਪਣਾ ਵੀਰ ਸੁਖਬੀਰ, ਪਿੰਡ-ਪਿੰਡ ਜਾ ਰਿਹੈ, ਵਾਅਦੇ ਵਿਛਾ ਰਿਹੈ, 'ਗੁਰਮੁਖੋ! ਸੱਥਾਂ 'ਚ ਸੀਪ ਦੇ ਮੁਕਾਬਲੇ ਕਰਾਵਾਂਗੇ।'

ਬਿਕਰਮ ਮਜੀਠੀਆ ਮੁੱਛਾਂ ਨੂੰ ਤਾਅ ਚੜ੍ਹਾ ਰਿਹੈ। 'ਅੱਡੀ ਵੱਜਦੀ ਜੈ ਕੁਰੇ ਤੇਰੀ, ਲੋਕਾਂ ਦੇ ਚੁਬਾਰੇ ਹਿੱਲਦੇ।' 'ਬੰਬ, ਬੈਂਡ ਤੇ ਬਾਜਵਾ', ਇਹ ਥ੍ਰੀ ਇੰਨ ਵਨ ਰਿਸ਼ਤੈ। ਪਹਿਲੋਂ ਬੰਬ ਆਲੇ ਬਿਆਨ 'ਤੇ ਫਸਗੇ। ਫਿਰ ਪ੍ਰਤਾਪ ਬਾਜਵਾ ਆਖ ਬੈਠੇ 'ਬੈਂਡ ਵਜਾ ਦਿਆਂਗੇ'। ਇਨਕਲਾਬੀ ਵੀਰ ਬਾਜਵੇ ਦੇ ਘਰ ਅੱਗੇ ਪੁੱਜ ਗਏ, ਗਲਾਂ 'ਚ ਬੈਂਡ ਵਾਜੇ ਪਾ ਕੇ। ਵੀਰੋ! ਸ਼ੁਕਰ ਕਰੋ ਬਾਜਵਾ ਨੇ ਇਹ ਨੀ ਕਿਹਾ ਕਿ 'ਹਾਕਮਾਂ ਨੂੰ ਨੰਗੇ ਕਰਾਂਗੇ'। ਦੇਖ ਲਓ ਫਿਰ ਥੋਨੂੰ ਨੰਗੇ ਧੜ ਆਉਣਾ ਪੈਂਦਾ, ਅੱਗਿਓ ਪਾਣੀ ਦੀਆਂ ਬੁਛਾੜਾਂ ਨੇ ਭੰਨ ਦੇਣਾ ਸੀ। 'ਨਰਮ ਸਰੀਰਾਂ ਨੂੰ, ਪੈ ਗਏ ਮਾਮਲੇ ਭਾਰੀ।'

ਪੁਰਾਣੀ ਗੱਲ ਐ, ਕਾਂਗਰਸੀ ਨੇਤਾ ਨੇ ਆਪਣੇ ਨੇੜਲੇ ਸੱਜਣ ਕੋਲ ਢਿੱਡ ਫਰੋਲਿਆ, 'ਪਿਆਰੇ, ਜਦੋਂ ਦਾਸ ਰਾਹੁਲ ਗਾਂਧੀ ਨੂੰ ਮਿਲਦੈ, ਲੱਤਾਂ ਕੰਬਣ ਲੱਗ ਜਾਂਦੀਆਂ ਨੇ, ਕੀ ਕਰਾਂ। ਬੇਝਿਝਕ ਸੱਜਣ ਨੇ ਹੌਸਲਾ ਦਿੱਤਾ, ਪ੍ਰਵਾਹ ਨਾ ਕਰੋ, ਜਦੋਂ ਰਾਹੁਲ ਨੇ ਵੱਢ'ਤੀਆਂ, ਹਟ ਜਾਣਗੀਆਂ।' ਆਖਰ ਨੇਤਾ ਜੀ ਦੀ ਟਿਕਟ ਕੱਟੀ ਗਈ, ਫਿਰ ਗਲੀਆਂ 'ਚ ਗਾਉਂਦਾ ਫਿਰੇ, 'ਪੱਲੇ ਸਾਡੇ ਕੱਖ ਨਾ ਰਿਹਾ..।' ਸੱਤਾ ਦਾ ਟਾਨਿਕ ਅਜਿਹਾ ਹੈ, ਚਾਹੇ ਕਬਰ 'ਚ ਲੱਤਾਂ ਹੋਣ, ਬਚਾਈ ਰੱਖਦੈ। ਪੰਜਾਬ ਖ਼ੁਸ਼ੀ 'ਚ ਖੀਵਾ ਹੈ, ਜਸ਼ਨ ਮਨਾ ਰਿਹੈ। ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ। ਅਦਾਲਤੀ ਫੈਸਲੇ ਮਗਰੋਂ ਕੇਜਰੀਵਾਲ ਦੀ ਚਿੱਟੀ ਚਾਦਰ ਦਿਖਾਉਂਦਾ ਫਿਰਦੈ।

ਜਿਵੇਂ ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਕਿਸਾਨ ਅੰਦੋਲਨ ਨੂੰ ਬਚਾ ਲਿਆ ਸੀ, ਠੀਕ ਉਵੇਂ ਹੁਣ ਕੇਜਰੀਵਾਲ ਦੇ ਹੰਝੂ ਰੰਗ ਦਿਖਾਉਣਗੇ। ਏਸ਼ੀਅਨ ਤੇ ਨੈਰੋਲੱਕ ਪੇਂਟ ਵਾਲੇ ਪੰਜਾਬ ਦੀ ਗਲੋਬ 'ਤੇ ਛਾਏ ਨੇ। ਪੰਜਾਬ ਹਾਲੇ ਡੱਬ ਖੜੱਬਾ ਬਣਿਐ, ਪੂਰਾ ਰੰਗਲਾ ਬਣਾਉਣੈ ਤਾਂ 'ਬਦਲਾਅ' ਨੂੰ ਹੋਰ ਮੌਕਾ ਦੇ ਦਿਓ। ਬਠਿੰਡੇ ਵਾਲੀ ਐੱਸਐੱਸਪੀ ਬੀਬੀ ਵੀ ਕਿਸੇ ਲਲਾਰੀ ਤੋਂ ਘੱਟ ਨੀਂ, ਜੀਹਨੇ ਏਨੀ ਦੂਰੋਂ ਕਿਸਾਨਾਂ ਚੋਂ ਪੀਲਾ ਪਰਨਾ ਪਛਾਣ ਲਿਆ। ਸੰਘਰਸ਼ 'ਚ ਕੁੱਦਿਆ ਪੀਲੇ ਪਰਨੇ ਵਾਲਾ ਪੁਲੀਸ ਤੋਂ ਲੱਤਾਂ ਤੁੜਵਾਈ ਪਿਐ। ਨਾਲੇ ਜ਼ਿੱਦ ਕਰਦਾ ਪਿਐ ਅਖੇ! 'ਮੁੱਖ ਮੰਤਰੀ ਤੀਰਥ ਯਾਤਰਾ' ਵਾਲੀ ਬੱਸ 'ਤੇ ਚੜਨੈ।

ਆ ਚੁੱਕੋ ਗਰੰਟੀ! ਪੀਲੇ ਪਰਨੇ ਵਾਲੇ ਦੇ ਪਰਿਵਾਰ ਨੂੰ ਸਭ ਸਹੂਲਤਾਂ ਦੇਏਗੀ ਸਰਕਾਰ। ਮੁਫ਼ਤ 'ਚ ਰਾਸ਼ਨ ਦੇਵੇਗੀ, ਬਿਜਲੀ ਦਾ ਬਿੱਲ ਜ਼ੀਰੋ ਭੇਜੇਗੀ, ਹਜ਼ਾਰ ਦਾ ਸ਼ਗਨ ਵੱਖਰਾ। ਉਗਰਾਹਾਂ ਵਾਲਿਓ! ਥੋਨੂੰ ਤਾਂ ਰੱਬ ਵੀ ਖ਼ੁਸ਼ ਨੀ ਕਰ ਸਕਦਾ। ਹੋਰ ਦੱਸੋ ਕੀ ਭਾਲਦੇ ਹੋ। ਅਦਾਕਾਰ ਗੱਗੂ ਗਿੱਲ ਚੋਂ ਜੋਗਿੰਦਰ ਉਗਰਾਹਾਂ ਬੋਲਦਾ ਜਾਪਦੈ, 'ਸਿਆਣੇ ਬੰਦੇ ਦੀ ਸਮਝ ਸਾਨੂੰ ਆਵੇ ਜਾਂ ਨਾ ਆਵੇ, ਚਲਾਕ ਬੰਦੇ ਦੀ ਅਸੀਂ ਅੱਖ ਪੜ੍ਹ ਲੈਂਦੇ ਹਾਂ।' ਜਥੇਦਾਰ ਇਨਕਲਾਬ ਸਿੰਘ ਤੋਂ ਵੱਧ ਹੁਣ ਪੰਜਾਬ ਕਾਹਲਾ ਪਿਐ। ਭਾਜਪਾ ਆਲੇ 'ਡਬਲ ਇੰਜਣ' ਦਾ ਹੋਕਾ ਦਿੰਦੇ ਪਏ ਨੇ। 'ਆਪ' ਆਲੇ ਆਖਦੇ ਨੇ, 'ਪੀਟਰ ਇੰਜਣ' ਚਲਾਓ।

ਰੰਗਲਾ ਪੰਜਾਬ ਲਹਿੰਗਾ ਪਾਈ ਖੜ੍ਹੈ, ਨੇਤਾਵਾਂ ਤਰਫੋਂ ਦਲਜੀਤ ਦੁਸਾਂਝ ਹੇਕ ਲਾ ਰਿਹੈ, 'ਲਹਿੰਗੇ 'ਤੇ ਸ਼ਰਾਬ ਡੋਲ ਦੂ'। ਝੂਠ ਸ਼ਾਸਤਰ ਖ਼ੂਬ ਚੱਲੇਗਾ, ਸੱਤਾ ਦਾ ਰੀਚਾਰਜ ਪਵਾਉਣ ਲਈ ਕਤਾਰ ਬੰਨ੍ਹ ਆਉਣਗੇ। ਚੋਣਾਂ ਵੇਲੇ ਮਾਮੇ ਬਣਦੇ ਨੇ, ਜਿੱਤਣ ਪਿੱਛੋਂ ਫੁੱਫੜ।ਪੰਜਾਬੀ ਯਮਲੇ ਜੱਟ ਨੂੰ ਧਿਆ ਰਹੇ ਨੇ, 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ।' ਪੰਜਾਬ ਨਿਹੰਗਾਂ ਦੇ ਡੋਲੂ ਵਾਂਗੂ ਮਾਂਜਿਆ ਗਿਐ। ਰਹੂਮ ਮੰਤਰੀ ਕੁੰਦਨ ਸਿੰਘ ਪਤੰਗ ਹੁੰਦੇ ਸਨ। ਵੱਡੇ ਬਾਦਲ ਮੰਜੇ 'ਚ ਬਿਮਾਰ ਪਏ ਕੁੰਦਨ ਦਾ ਮਿਜ਼ਾਜ ਪੁੱਛਣ ਆਏ। ਅੱਗਿਓਂ ਪਤੰਗ ਨੇ ਹੱਥ ਜੋੜ ਫ਼ਰਮਾਏ, 'ਬਾਦਲ ਸਾਹਿਬ, ਬਿਮਾਰੀ ਨੂੰ ਮਾਰੋ ਗੋਲੀ, ਤੁਸੀਂ ਟਿਕਟ ਐਲਾਨੋ, ਘੋੜੇ ਵਰਗਾ ਹੋਜੂ।'

ਦੋ ਟੰਗੇ ਕੀ ਭਾਲਣ..ਆਹ ਚਾਰ ਟੰਗੀ ਕੁਰਸੀ। ਜਿਹੜੇ 'ਆਪ' ਵਿਧਾਇਕਾਂ ਦੇ ਘਰਾਂ 'ਚ ਇਨਕਲਾਬ ਆਇਐ, ਉਨ੍ਹਾਂ ਦੀ ਟਿਕਟ 'ਤੇ ਗ੍ਰਹਿ ਹੈ। ਸਿਆਸਤਦਾਨ ਆਲੂਆਂ ਵਰਗੇ ਹੁੰਦੇ ਨੇ ਜਿਨ੍ਹਾਂ ਦਾ ਆਪਣਾ ਕੋਈ ਕਿਰਦਾਰ ਨੀ ਹੁੰਦਾ। ਟਿਕਟ ਇੱਧਰੋਂ ਨਾ ਮਿਲੀ ਤਾਂ ਗੁਆਂਢੀ ਤਸ਼ਰੀਫ ਲੈ ਜਾਂਦੇ ਨੇ। 'ਪਿਸ਼ੌਰੀ ਯਾਰ ਕਿਸ ਦੇ, ਭੱਤ ਖਾ ਕੇ ਖਿਸਕੇ।' ਅਦਾਕਾਰਾ ਰੁਪਿੰਦਰ ਰੂਪੀ ਇੱਕ ਡਾਇਲਾਗ ਬੋਲਦੀ ਹੈ, ਲੱਗਦੈ ਇੰਜ ਹੈ ਜਿਵੇਂ ਰੰਗਲਾ ਪੰਜਾਬ ਬੋਲਦਾ ਹੋਵੇ, 'ਝੱਗਾ ਚੁੱਕਿਆ ਆਪਣਾ ਹੀ ਢਿੱਡ ਨੰਗਾ ਹੁੰਦੈ, ਗ਼ਰੀਬੀ ਰੇਖਾ ਤੋਂ ਥੱਲੇ ਹੀ ਹਾਂ ਪੁੱਤ, ਤੂੰ ਇਹ ਸਮਝ ਲੈ ਕਿ ਰੇਖਾ ਮੇਰੀ ਘੰਡੀ 'ਤੇ ਚੜ੍ਹੀ ਬੈਠੀ ਹੈ।'

ਸਿਆਣੇ ਆਖਦੇ ਨੇ, 'ਹੁਕਮ ਚਲਾਉਣਾ ਵੀ ਇੱਕ ਕਲਾ ਹੁੰਦੀ ਹੈ, ਚਾਹੇ ਭੇਡਾਂ 'ਤੇ ਇੱਜੜ 'ਤੇ ਹੀ ਚਲਾਉਣਾ ਹੋਵੇ।' ਤਰਸੇਮ ਜੱਸੜ ਗਰੰਟੀ ਨਾਲ ਆਖਦੈ, 'ਇਹ ਦਿਲ ਰੱਬ ਦਾ ਰੇਡੀਓ ਹੈ, ਇਹ ਗ਼ਲਤ ਸਟੇਸ਼ਨ ਨੀ ਫੜਦਾ'। ਜਿਹੜਾ ਕੋਈ ਦਿਲ ਦੀ ਸੁਣਨੇਗਾ, ਉਹ ਆਹ ਪ੍ਰਵਚਨ ਧਿਆਏਗਾ, 'ਹੁਣ ਨੀ ਮੂਰਖ ਬਣਦੇ ਸਰਪੰਚਾਂ, ਹੁਣ ਨੀ ਲੱਗਦੇ ਤੇਰੇ ਮਗਰ।' ਹਰਿਆਣੇ ਦਾ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਸਤਾਰ ਸਜਾ ਪੰਜਾਬ ਦੇ ਵਿਹੜੇ ਆਉਂਦੈ। ਸੈਣੀ ਪੰਜਾਬ 'ਚ ਡਬਲ ਇੰਜਣ ਬੰਨ੍ਹਣਾ ਚਾਹੁੰਦੇ ਨੇ। ਐੱਸ ਵਾਈ ਐੱਲ ਦਾ ਨਹਿਰੀ ਪਾਣੀ ਖ਼ੁਦ ਲਾਉਣਾ ਚਾਹੁੰਦੇ ਹਨ।

ਚੋਣਾਂ ਦੇ ਪਿੜ 'ਚ ਬਿਨਾਂ ਘੁੰਡ ਕੱਢੇ ਨੱਚਦੇ ਨੇ ਨੇਤਾ, ਮਜਮਾ ਲਾਉਂਦੇ ਨੇ, ਤਮਾਸ਼ਾ ਦਿਖਾਉਂਦੇ ਨੇ, ਤਾੜੀਆਂ ਮਾਰਦੇ ਲੋਕ ਹੱਥ ਸੁਜਾ ਬੈਠਦੇ ਨੇ। ਗੁਰਪ੍ਰੀਤ ਘੁੱਗੀ ਠੀਕ ਆਖਦੈ, 'ਹੁਣ ਤਾਂ ਅਸੀਂ ਆਪ ਹੀ ਛੋਟੇ ਛੋਟੇ ਰੱਬ ਬਣ ਬੈਠੇ ਹਾਂ, ਕੌਣ ਚੰਗਾ ਕੌਣ ਮਾੜਾ, ਫ਼ਤਵਾ ਜਾਰੀ ਕਰ ਦਿੰਦੇ ਹਾਂ।' ਚੋਣਾਂ ਮੌਕੇ ਲੀਡਰ ਚੀਨੇ ਕਬੂਤਰ ਹੁੰਦੇ ਹਨ, ਬਾਜ਼ੀ ਜਿੱਤਣ ਲਈ ਦਾਅ ਮਾਰਨਾ ਨੀ ਭੁੱਲਦੇ।

ਬਾਬੂ ਸਿੰਘ ਮਾਨ ਤਸ਼ਰੀਫ਼ ਲਿਆਏ ਨੇ, 'ਅਸੀਂ ਅਕਾਲੀ ਦਲ 'ਚ ਲਈਆਂ ਪੀੜੀਆਂ ਗਾਲ, ਕੱਲ੍ਹ ਆਇਆ ਅੱਜ ਟਿਕਟ ਮਾਂਜ ਕੇ ਔਹ ਜਾਂਦਾ ਗੁਜਰਾਲ।' ਖ਼ੈਰ ਪੰਜਾਬੀਆਂ ਦਾ ਭੇਤ ਤਾਂ ਪੰਜਾਬ ਆਲੇ ਨੀ ਪਾ ਸਕੇ, ਦਿੱਲੀ ਦੱਖਣ ਵਾਲੇ ਕਿਵੇਂ ਪਾ ਲੈਣਗੇ। ਸੱਥਾਂ 'ਚ ਬੈਠੇ ਬਜ਼ੁਰਗ ਆਖਦੇ ਨੇ ਕਿ ਭਾਈ !ਲੁਹਾਰਾਂ ਦੇ ਬੱਚੇ ਚੰਗਿਆੜੀ ਤੋਂ ਨੀਂ ਡਰਦੇ। ਖਿਮਾ ਦਾ ਜਾਚਕ ਹਾਂ,ਦਿਓ ਆਗਿਆ ਤੇ ਸੁਣੋ ਅਖੀਰ 'ਚ ਬਲਬੀਰ ਲੌਂਗੋਵਾਲ ਦੇ ਜਥੇ ਨੂੰ, 'ਜਿਊਂਦੀ ਹੈ ਪੰਜਾਬੀਆਂ ਦੀ ਅਣਖ ਸਦਾ, ਵੱਸਦੇ ਨੇ ਅੜ ਕੇ।'

# ਪਾਤਰ ਦੇ ਜਾਣ ਤੋਂ ਬਾਅਦ ਉਸਦੀ ਕਾਵਿ-ਪੁਸਤਕ 'ਰੱਬ, ਰੋਟੀ, ਭਾਸ਼ਾ ਤੇ ਰਾਗ' ਪੀ.ਏ.ਯੂ. ਲੁਧਿਆਣਾ ਵਿਖੇ ਪੂਰੇ ਮਾਣ-ਸਤਿਕਾਰ ਨਾਲ ਕੀਤੀ ਗਈ ਲੋਕ-ਅਰਪਿਤ

## ਡਾ. ਸਰਦਾਰਾ ਸਿੰਘ ਜੌਹਲ ਨੇ ਪਾਤਰ ਦੀ ਕਵਿਤਾ ਨੂੰ 'ਪੰਜਾਬ ਦੀ ਮਿੱਟੀ 'ਚੋਂ ਉਪਜੀ ਵੇਦਨਾ' ਤੇ ਡਾ. ਸਤਿਬੀਰ ਸਿੰਘ ਗੋਸਲ ਨੇ 'ਯੂਨੀਵਰਸਿਟੀ ਦਾ ਅਨਮੋਲ ਧਰੋਹਰ' ਕਿਹਾ



ਲੁਧਿਆਣਾ, (ਡਾ. ਝੰਡ) -ਸੁਰਜੀਤ ਪਾਤਰ ਪੰਜਾਬ ਦੇ ਮਾਣ-ਮੱਤੇ ਕਵੀ ਸਨ। ਉਨ੍ਹਾਂ ਦਾ ਕਾਵਿ-ਸਫ਼ਰ ਸਿਖ਼ਰਾਂ 'ਤੇ ਸੀ ਜਦੋਂ 11 ਮਈ 2024 ਦੇ ਚੰਦਰੇ ਦਿਨ 'ਮੌਤ-ਰਾਣੀ' ਨੇ ਇਹ 'ਅਨਮੋਲ ਹੀਰਾ' ਪੰਜਾਬੀ ਜਗਤ ਕੋਲੋਂ ਖੋਹ ਲਿਆ। ਉਨ੍ਹਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਅਜੇ ਛਪਣ ਦੀ ਉਡੀਕ ਕਰ ਰਹੀਆਂ ਸਨ, ਜਿਨ੍ਹਾਂ ਨੂੰ ਉਹ ਆਪਣੇ ਹੱਥੀਂ ਤਰਤੀਬ ਦੇ ਕੇ ਨਾ ਛਪਵਾ ਸਕੇ ਅਤੇ ਇਹ ਕੰਮ ਉਨ੍ਹਾਂ ਦੇ ਜਾਣ ਤੋਂ ਬਾਅਦ ਉਨ੍ਹਾਂ ਦੇ ਦੋਸਤਾਂ-ਮਿੱਤਰਾਂ ਨੂੰ ਕਰਨਾ ਪਿਆਤੇ ਉਨ੍ਹਾਂ ਵੱਲੋਂ ਹੀ ਇਸ ਪੁਸਤਕ ਦੀ ਪ੍ਰਕਾਸ਼ਨਾ 'ਰੱਬ, ਰੋਟੀ, ਭਾਸ਼ਾ ਤੇ ਰਾਗ' ਦੇ ਸਿਰਲੇਖ ਹੇਠ ਕਰਵਾਈ ਗਈ।

ਪਾਤਰ ਸਾਹਿਬ ਦੇ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋਣ ਤੋਂ ਪੌਣੇ ਦੋ ਸਾਲ ਬਾਅਦ ਲੰਘੇ ਐਤਵਾਰ ਪਹਿਲੀ ਮਾਰਚ ਦੀ ਸ਼ਾਮ ਨੂੰ ਪੀ.ਏ.ਯੂ. ਵਾਈਸ-ਚਾਂਸਲਰ ਕਮੇਟੀ-ਹਾਲ ਵਿੱਚ ਉਨ੍ਹਾਂ ਦੀ ਇਹ ਕਾਵਿ-ਪੁਸਤਕ 'ਰੱਬ, ਰੋਟੀ, ਭਾਸ਼ਾ ਤੇ ਰਾਗ' ਪੰਜਾਬ ਦੀਆਂ ਉੱਘੀਆਂ ਸ਼ਖ਼ਸੀਅਤਾਂ ਵੱਲੋਂ ਲੋਕ-ਅਰਪਿਤ ਕੀਤੀ ਗਈ। ਇਸ ਸਮਾਰੋਹ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਕੀਤੀ ਅਤੇ ਮੁੱਖ-ਮਹਿਮਾਨ ਵਜੋਂ ਪਾਤਰ ਸਾਹਿਬ ਦੀ ਸੁਪਤਨੀ ਸ੍ਰੀਮਤੀ ਭੁਪਿੰਦਰ ਕੌਰ ਸ਼ਾਮਲ ਹੋਏ। ਸਮਾਗ਼ਮ ਦੇ ਵਿਸ਼ੇਸ਼ ਮਹਿਮਾਨ ਵਜੋਂ ਪੀ.ਏ.ਯੂ. ਲੁਧਿਆਣਾ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਈਸ-ਚਾਂਸਲਰ ਤੇ ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਸਾਬਕਾ ਚਾਂਸਲਰ ਡਾ. ਸਰਦਾਰਾ ਸਿੰਘ ਜੌਹਲ ਅਤੇ ਉੱਘੇ ਪੰਜਾਬੀ ਕਵੀ ਪ੍ਰੋ. ਗੁਰਭਜਨ ਗਿੱਲ ਨੇ ਸ਼ਿਰਕਤ ਕੀਤੀ। ਇਸ ਮੌਕੇ ਯੂਨੀਵਰਸਿਟੀ ਦੇ ਉੱਚ-ਅਧਿਕਾਰੀਆਂ ਅਤੇ ਵਿਗਿਆਨੀਆਂ ਤੋਂ ਇਲਾਵਾ ਪੰਜਾਬੀ ਸਾਹਿਤ ਜਗਤ ਦੀਆਂ ਕਈ ਉੱਘੀਆਂ ਹਸਤੀਆਂ ਮੌਜੂਦ ਸਨ।

ਆਪਣੇ ਸੰਬੋਧਨ ਦੌਰਾਨ ਕੇਂਦਰੀ ਯੂਨੀਵਰਸਿਟੀ ਪੰਜਾਬ ਦੇ ਸਾਬਕਾ ਚਾਂਸਲਰ ਡਾ. ਸਰਦਾਰਾ ਸਿੰਘ ਜੌਹਲ ਨੇ ਸੁਰਜੀਤ ਪਾਤਰ ਦੀ ਕਵਿਤਾ ਨੂੰ ਪੰਜਾਬ ਦੀ ਮਿੱਟੀ ਵਜੋਂ ਉਪਜੀ ਹੋਈ ਵੇਦਨਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸੁਰਜੀਤ ਪਾਤਰ ਨੇ ਆਪਣੇ ਯੁੱਗ ਨੂੰ ਬਾਖ਼ੂਬੀ ਘੋਖਿਆ ਅਤੇ ਲੋਕਾਂ ਦੀ ਆਵਾਜ਼ ਬਣ ਕੇ ਢੁਕਵਾਂ ਉੱਤਰ ਸਿਰਜਿਆ। ਪੀ.ਏ.ਯੂ. ਦੇ ਵਾਈਸ-ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਸੁਰਜੀਤ ਪਾਤਰ ਦੀ ਕਵਿਤਾ ਨੂੰ ਯੂਨੀਵਰਸਿਟੀ ਦਾ ਅਨਮੋਲ ਧਰੋਹਰ ਕਿਹਾ। ਉਨ੍ਹਾਂ ਅਨੁਸਾਰ ਭਵਿੱਖ ਦੀਆਂ ਨਸਲਾਂ ਸੁਰਜੀਤ ਪਾਤਰ ਦੀ ਕਵਿਤਾ ਉੱਪਰ ਮਾਣ ਮਹਿਸੂਸ ਕਰਨਗੀਆਂ। ਉਨ੍ਹਾਂ ਕਿਹਾ ਕਿ ਜਦੋਂ ਸਾਡੇ ਇਸ ਯੁੱਗ ਦਾ ਮਨੁੱਖੀ ਇਤਿਹਾਸ ਲਿਖਿਆ ਜਾਵੇਗਾ ਤਾਂ ਪਾਤਰ-ਕਾਵਿ ਨੂੰ ਹਵਾਲਿਆਂ ਵਜੋਂ ਦੇਖਣ ਦੀ ਰੁਚੀ ਵਧੇਗੀ। ਸ੍ਰੀਮਤੀ ਭੁਪਿੰਦਰ ਕੌਰ ਪਾਤਰ ਨੇ ਡਾ. ਸੁਰਜੀਤ ਪਾਤਰ ਨਾਲ ਜੁੜੀਆਂ ਯਾਦਾਂ ਅਤੇ ਉਨ੍ਹਾਂ ਦੀਆਂ ਕੁਝ ਕਵਿਤਾਵਾਂ ਸਾਂਝੀਆਂ ਕੀਤੀਆਂ। ਸੁਰਜੀਤ ਪਾਤਰ ਦੇ ਸਪੁੱਤਰ ਮਨਰਾਜ ਪਾਤਰ ਨੇ ਇਸ ਕਿਤਾਬ ਨਾਲ ਜੁੜੀਆਂ ਭਾਵਨਾਵਾਂ ਨਾਲ ਸਾਂਝ ਪਵਾਉਂਦਿਆਂ ਮਾਹੌਲ ਨੂੰ ਉਦਾਸ ਕਰ ਦਿੱਤਾ। ਯੂਨੀਵਰਸਿਟੀ ਦੇ ਵਿਦਿਆਰਥੀ ਭਲਾਈ ਨਿਰਦੇਸ਼ਕ ਡਾ. ਨਿਰਮਲ ਜੌੜਾ ਨੇ ਯੂਨੀਵਰਸਿਟੀ ਦੀ ਤਰਫੋਂ ਸੁਰਜੀਤ ਪਾਤਰ ਲਈ ਸਨੇਹ ਭਰਪੂਰ ਸ਼ਬਦ ਕਹੇ। ਉਨ੍ਹਾਂ ਕਿਹਾ ਕਿ ਡਾ. ਪਾਤਰ ਸਦੀਆਂ ਤੱਕ ਆਪਣੇ ਸ਼ਬਦਾਂ ਰਾਹੀਂ ਇਸ ਸੰਸਾਰ ਵਿੱਚ ਵਿਦਮਾਨ ਰਹਿਣਗੇ।

ਇਸ ਮੌਕੇ ਪੰਜਾਬੀ ਲੇਖਕਾਂ ਡਾ. ਸੁਖਦੇਵ ਸਿਰਸਾ, ਪ੍ਰੋ. ਗੁਰਭਜਨ ਗਿੱਲ, ਅਮਰਜੀਤ ਗਰੇਵਾਲ ਅਤੇ ਸਵਰਨਜੀਤ ਸਵੀ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਸਮਾਰੋਹ ਦਾ ਸੰਚਾਲਨ ਡਾ. ਵਿਸ਼ਾਲ ਬੈਕਟਰ ਨੇ ਕੀਤਾ ਅਤੇ ਸਵਾਗਤੀ-ਸ਼ਬਦ ਪੰਜਾਬੀ ਸੰਪਾਦਕ ਡਾ ਜਗਵਿੰਦਰ ਸਿੰਘ ਨੇ ਕਹੇ। ਇਸ ਸਮਾਰੋਹ ਰਾਹੀਂ ਪੀ.ਏ.ਯੂ. ਵੱਲੋਂ ਆਪਣੇ ਮਹਾਨ ਵਿਦਵਾਨ ਦੀ ਸਾਹਿਤਕ ਦੇਣ ਨੂੰ ਨਵੀਂ ਪੁਸਤਕ ਦੇ ਹਵਾਲੇ ਨਾਲ ਬਾਖ਼ੂਬੀ ਯਾਦ ਕੀਤਾ ਗਿਆ।

# ਨਵਜੋਤ ਕੌਰ ਸਿੱਧੂ ਨੇ ਦਾ ਵੱਡਾ ਬਿਆਨ

## ਕਿਹਾ- "ਰਾਜਨੀਤੀ ਛੱਡ ਕੇ ਸੰਤਾਂ ਦੀ ਸੇਵਾ ਕਰਨਾ ਹੀ ਬਹੁਤ ਹੈ"



ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਰਾਜਨੀਤੀ ਨੂੰ ਛੱਡ ਕੇ ਸੰਤਾਂ ਦੀ ਸੇਵਾ ਵਿੱਚ ਜੁੜਨ ਦੀ ਸੋਚ ਰਹੇ ਹਨ, ਕਿਉਂਕਿ ਹੁਣ ਰਾਜਨੀਤੀ ਪਹਿਲਾਂ ਵਰਗੀ ਨਹੀਂ ਰਹੀ ਤੇ ਰਾਜਨੀਤਿਕ ਲੋਕ ਆਪਣੀ ਪਹਿਚਾਣ ਨੂੰ ਭੁੱਲਾ ਚੁੱਕੇ ਹਨ। ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਹੁਣ ਜਿੰਨਾ ਹੋ ਸਕੇ ਆਪਣਾ ਧਿਆਨ ਭਗਤੀ ਅਤੇ ਸੇਵਾ ਵੱਲ ਲਗਾਓ, ਕਿਉਂਕਿ ਉਨਾਂ ਨੇ ਕੈਂਸਰ ਤੇ ਜਿੱਤ ਪ੍ਰਾਪਤ ਕਰਕੇ ਇੱਥੇ ਕਲਯੁਗ ਵਿੱਚ ਸਤਯੁਗ ਨੂੰ ਦੇਖ ਲਿਆ ਹੈ, ਇਸ ਤੋਂ ਵੱਧ ਉਹ ਕੁਝ ਨਹੀਂ ਕਹਿ ਸਕਦੇ ।

ਨਵਜੋਤ ਕੌਰ ਸਿੱਧੂ ਫਤਿਹਗੜ੍ਹ ਸਾਹਿਬ ਦੇ ਖਮਾਣੂ ਸਥਿਤ ਸੰਤ ਰਾਮਪਾਲ ਦੇ ਆਸ਼ਰਮ ਵਿੱਚ ਇੱਕ ਸਮਾਗਮ ਸਮਾਰੋਹ ਵਿੱਚ ਸ਼ਾਮਿਲ ਹੋਣ ਲਈ ਪਹੁੰਚੇ ਸਨ। ਉਨ੍ਹਾਂ ਨੇ ਕਿਹਾ ਕਿ ਉਹ ਬਚਪਨ ਤੋਂ ਤਿੰਨ ਚਾਰ ਸਾਲਾਂ ਤੋਂ ਹੀ ਸਾਧੂ ਸੰਤਾਂ ਦੀ ਸੰਗਤ ਕਰਦੇ ਆ ਰਹੇ ਹਨ ਤੇ ਉਹ ਸੰਤਾਂ ਤੋਂ ਪ੍ਰੇਰਨਾ ਲੈ ਕੇ ਹੀ ਸੇਵਾ ਕਰਦੇ ਹਨ। ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਉਨਾਂ ਸਮੇਤ ਉਸ ਦੇ ਪਤੀ ਨਵਜੋਤ ਸਿੰਘ ਸਿੱਧੂ ਵੱਲੋਂ ਆਪਣਾ ਵੀ ਪੂਰਾ ਸਰੀਰ ਵੀ ਦਾਨ ਕੀਤਾ ਹੋਇਆ ਹੈ ਤਾਂ ਜੋ ਮਰਨ ਉਪਰੰਤ ਉਨਾਂ ਦੇ ਆਰਗਨ ਕਿਸੇ ਦੇ ਕੰਮ ਆ ਸਕੇ।

ਖਮਾਣੋ ਦੇ ਆਸ਼ਰਮ ਵਿਖੇ ਸੱਤ ਲੜਕੀਆਂ ਦਾ ਬਿਨਾਂ ਦਾਜ ਦਹੇਜ ਤੋਂ ਹੋਏ ਵਿਆਹ ਦੀ ਮੁਬਾਰਕਬਾਦ ਦਿੰਦਿਆਂ ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਉਨਾਂ ਦੇ ਖੁਦ ਦਾ ਵਿਆਹ ਵੀ ਇਸੇ ਤਰਹਾਂ ਅਤੇ ਬੱਚਿਆਂ ਦਾ ਵਿਆਹ ਵੀ ਇਸੇ ਤਰ੍ਹਾਂ ਸਾਦੇ ਢੰਗ ਨਾਲ ਬਿਨਾਂ ਦਾਜ ਦੀਜ ਤੋਂ ਹੋਇਆ ਤੇ ਉਹਨਾਂ ਦੇ ਘਰਾਂ ਵਿੱਚ ਵੀ ਇਸੇ ਤਰ੍ਹਾਂ ਵਿਆਹ ਸ਼ਾਦੀਆਂ ਹੁੰਦੀਆਂ ਰਹਿੰਦੀਆਂ ਹਨ। ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਸਭ ਤੋਂ ਵੱਡੀ ਸੇਵਾ ਕੰਨਿਆਦਾਨ ਹੈ ਤੇ ਉਹ ਵੀ ਖੁਦ 100 ਦੇ ਲਗਭਗ ਲੋੜਵੰਦ ਲੜਕੀਆਂ ਨੂੰ ਇਕੱਠਿਆਂ ਕਰਕੇ ਵਿਆਹ ਕਰਦੇ ਰਹਿੰਦੇ ਹਨ।

# ਜਲੰਧਰ ਦੇ ਸਕੂਲਾਂ ਨੂੰ ਮਿਲੀ ਬੰਬ ਦੀ ਧਮਕੀ; ਪੁਲਿਸ ਅਤੇ ਬੰਬ ਸਕੁਐਡ ਵੱਲੋਂ ਤਲਾਸ਼ੀ ਮੁਹਿੰਮ ਜਾਰੀ



ਜਲੰਧਰ: ਪੰਜਾਬ ਦੇ ਸਕੂਲਾਂ ਨੂੰ ਧਮਕੀਆਂ ਮਿਲਣ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਤਾਜ਼ਾ ਜਾਣਕਾਰੀ ਅਨੁਸਾਰ ਅੱਜ ਜਲੰਧਰ ਸ਼ਹਿਰ ਦੇ ਦੋ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਸੂਚਨਾ ਮਿਲਣ 'ਤੇ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਤੁਰੰਤ ਹਰਕਤ ਵਿੱਚ ਆ ਗਈਆਂ, ਦੋਵਾਂ ਸਕੂਲ ਕੈਂਪਸਾਂ ਵਿੱਚ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ

ਸਾਹਮਣੇ ਆਈ ਜਾਣਕਾਰੀ ਅਨੁਸਾਰ ਡੀਏਵੀ ਸਕੂਲ (ਪੰਜਾਬ ਆਰਮਡ ਪੁਲਿਸ ਕੈਂਪਸ) ਅਤੇ ਏਪੀਜੇ ਸਕੂਲ ਦੀ ਰਾਮਾ ਮੰਡੀ ਸ਼ਾਖਾ ਨੂੰ ਧਮਕੀਆਂ ਮਿਲੀਆਂ ਹਨ। ਸਕੂਲ ਪ੍ਰਸ਼ਾਸਨ ਤੋਂ ਜਾਣਕਾਰੀ ਮਿਲਣ 'ਤੇ ਸਥਾਨਕ ਪੁਲਿਸ, ਬੰਬ ਸਕੁਐਡ ਅਤੇ ਸਨਿਫਰ ਡੌਗ ਟੀਮਾਂ ਮੌਕੇ 'ਤੇ ਪਹੁੰਚੀਆਂ। ਫਿਲਹਾਲ ਮੁੱਢਲੀ ਜਾਂਚ ਵਿੱਚ ਕੋਈ ਸ਼ੱਕੀ ਵਸਤੂ ਜਾਂ ਵਿਸਫੋਟਕ ਸਮੱਗਰੀ ਨਹੀਂ ਮਿਲੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਸਾਵਧਾਨੀ ਵਜੋਂ ਹਰ ਕੋਨੇ ਦੀ ਤਲਾਸ਼ੀ ਲੈ ਰਹੇ ਹਨ।

ਸਕੂਲਾਂ ਨੇ ਫਿਲਹਾਲ ਛੁੱਟੀਆਂ ਦਾ ਐਲਾਨ ਨਹੀਂ ਕੀਤਾ ਹੈ। ਪ੍ਰਸ਼ਾਸਨ ਨੇ ਮਾਪਿਆਂ ਨੂੰ ਸੰਜਮ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਧਮਕੀ ਭਰੇ ਈਮੇਲ ਦੇ ਸਰੋਤ ਦੀ ਜਾਂਚ ਲਈ ਸਾਈਬਰ ਸੈੱਲ ਅਤੇ ਤਕਨੀਕੀ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਈਮੇਲ ਦੇ ਆਈਪੀ ਵੇਰਵਿਆਂ ਅਤੇ ਸਰਵਰ ਲੋਕੇਸ਼ਨ ਦਾ ਪਤਾ ਲਗਾਉਣ ਦੀ ਪ੍ਰਕਿਰਿਆ ਜਾਰੀ ਹੈ। ਪੁਲਿਸ ਦਾ ਕਹਿਣਾ ਹੈ ਕਿ ਦੋਸ਼ੀਆਂ ਦੀ ਪਛਾਣ ਹੋਣ ਤੋਂ ਬਾਅਦ ਉਹ ਸਖ਼ਤ ਕਾਰਵਾਈ ਕਰਨਗੇ।

ਪਹਿਲਾਂ ਵੀ ਜਲੰਧਰ ਦੇ ਸਕੂਲਾਂ ਨੂੰ ਅਜਿਹੀਆਂ ਧਮਕੀਆਂ ਮਿਲੀਆਂ ਹਨ। 1 ਫਰਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਤੋਂ ਠੀਕ ਇੱਕ ਦਿਨ ਪਹਿਲਾਂ ਸ਼ਹਿਰ ਦੇ ਛੇ ਸਕੂਲਾਂ ਨੂੰ ਬੰਬ ਦੀ ਚੇਤਾਵਨੀ ਮਿਲੀ ਸੀ। ਉਸ ਸਮੇਂ ਤਲਾਸ਼ੀ ਲਈ ਗਈ ਸੀ, ਪਰ ਕੋਈ ਵਿਸਫੋਟਕ ਸਮੱਗਰੀ ਨਹੀਂ ਮਿਲੀ। ਇਹ ਰਿਪੋਰਟ ਕੀਤੀ ਗਈ ਸੀ ਕਿ ਧਮਕੀ ਭਰੇ ਈਮੇਲ ਵਿੱਚ 3-4 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਸੀ। ਸੁਰੱਖਿਆ ਏਜੰਸੀਆਂ ਨੇ ਸਥਿਤੀ ਨੂੰ ਗੰਭੀਰਤਾ ਨਾਲ ਲਿਆ ਅਤੇ ਜਾਂਚ ਕੀਤੀ।

ਇਸ ਤੋਂ ਇਲਾਵਾ 25 ਦਸੰਬਰ ਨੂੰ ਵੀ ਕੁਝ ਸਕੂਲਾਂ ਨੂੰ ਇਸੇ ਤਰ੍ਹਾਂ ਦੇ ਧਮਕੀ ਭਰੇ ਸੁਨੇਹੇ ਮਿਲੇ। ਇਹਨਾਂ ਵਾਰ-ਵਾਰ ਧਮਕੀਆਂ ਨੇ ਸੁਰੱਖਿਆ ਏਜੰਸੀਆਂ ਦੀ ਚਿੰਤਾ ਵਧਾ ਦਿੱਤੀ ਹੈ।

# ਪੰਜਾਬ ਸਰਕਾਰ ਵੱਲੋਂ ਅਰਬ ਦੇਸ਼ਾਂ 'ਚ ਫਸੇ ਪੰਜਾਬੀਆਂ ਲਈ ਹੈਲਪਲਾਈਨ ਨੰਬਰ ਜਾਰੀ



ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਅਰਬ ਦੇਸ਼ਾਂ ਵਿਚ ਫਸੇ ਪੰਜਾਬੀਆਂ ਦੀ ਸਹਾਇਤਾ ਲਈ ਹੈਲਪਲਾਈਨ ਨੰਬਰ ਜਾਰੀ ਕੀਤੇ ਹਨ। ਉਨ੍ਹਾਂ ਇਕ ਪੋਸਟ ਸਾਂਝੀ ਕਰਦਿਆਂ ਦੱਸਿਆ ਕਿ ਅਰਬ ਦੇਸ਼ਾਂ ਵਿਚ ਲੜਾਈ ਲੱਗਣ ਕਰਕੇ ਬਹੁਤ ਸਾਰੇ ਪੰਜਾਬੀ ਇਨ੍ਹਾਂ ਮੁਲਕਾਂ ਵਿਚ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਐਨ.ਆਰ.ਆਈ. ਵਿੰਗ ਦੇ ਨੰਬਰ ਜਾਰੀ ਕੀਤੇ ਜਾ ਰਹੇ ਹਨ ਤੇ ਜੇ ਕੋਈ ਖੁਦ ਜਾਂ ਉਸ ਦਾ ਪਰਿਵਾਰਕ ਮੈਂਬਰ ਇਨ੍ਹਾਂ ਮੁਲਕਾਂ ਵਿੱਚ ਫਸਿਆ ਹੈ ਤਾਂ ਤੁਰੰਤ ਸੰਪਰਕ ਕਰੋ। ਉਨ੍ਹਾਂ ਕਿਹਾ ਕਿ ਉਹ ਵਿਦੇਸ਼ ਮੰਤਰਾਲੇ ਦੇ ਸੰਪਰਕ ਵਿਚ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਭਰੋਸਾ ਦਿੱਤਾ ਹੈ ਕਿ ਪੰਜਾਬ ਸਰਕਾਰ ਅਰਬ ਦੇਸ਼ਾਂ ਵਿੱਚ ਚੱਲ ਰਹੀ ਜੰਗ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਇਸ ਮਾਮਲੇ ਵਿੱਚ ਭਾਰਤ ਸਰਕਾਰ ਨਾਲ ਲਗਾਤਾਰ ਤਾਲਮੇਲ ਬਣਾ ਕੇ ਚੱਲ ਰਹੀ ਹੈ ਤਾਂ ਕਿ ਉੱਥੇ ਫਸੇ ਪੰਜਾਬੀਆਂ ਨੂੰ ਜਲਦੀ ਤੋਂ ਜਲਦੀ ਵਾਪਸ ਲਿਆਂਦਾ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਖਾੜੀ ਦੇਸ਼ਾਂ ਵਿੱਚ ਪੈਦਾ ਹੋਏ ਗੰਭੀਰ ਹਾਲਾਤ ਕਾਰਨ ਕਈ ਪੰਜਾਬੀ ਨੌਜਵਾਨ ਅਤੇ ਵਿਦਿਆਰਥੀ ਮੁਸ਼ਕਿਲ ਵਿੱਚ ਹਨ, ਜਿਨ੍ਹਾਂ ਦੀ ਮਦਦ ਲਈ ਸਰਕਾਰ ਨੇ 24 ਘੰਟੇ ਚੱਲਣ ਵਾਲੀ ਹੈਲਪਲਾਈਨ ਅਤੇ ਕੰਟਰੋਲ ਰੂਮ ਸਥਾਪਿਤ ਕੀਤਾ ਹੈ।

ਮੁੱਖ ਮੰਤਰੀ ਨੇ ਪ੍ਰਭਾਵਿਤ ਪਰਿਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਲਈ ਤੁਰੰਤ ਦਿੱਤੇ ਗਏ ਨੰਬਰਾਂ 0172-2260042, 0172-2260043 ਜਾਂ ਵਟਸਐਪ ਨੰਬਰ +91 94787 79112 'ਤੇ ਸੰਪਰਕ ਕਰਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਫਸੇ ਹੋਏ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਦੁਬਈ 'ਚ ਫਸਿਆ ਮਾਨਸਾ ਦਾ ਨਵ-ਵਿਆਹਿਆ ਜੋੜਾ!

## ਸੁਰੱਖਿਅਤ ਵਾਪਸੀ ਲਈ ਪਰਿਵਾਰ ਨੇ ਸਰਕਾਰ ਨੂੰ ਕੀਤੀ ਅਪੀਲ



ਚੰਡੀਗੜ੍ਹ : ਈਰਾਨ - ਇਜ਼ਰਾਈਲ ਵਿਚਕਾਰ ਚੱਲ ਰਹੀ ਜੰਗ ਦਾ ਅਸਰ ਹਵਾਈ ਆਵਾਜਾਈ 'ਤੇ ਵੀ ਪੈ ਰਿਹਾ ਹੈ। ਦੁਬਈ ਤੋਂ ਆਉਣ ਜਾਣ ਵਾਲੀਆਂ ਕਾਫੀ ਉਡਾਨਾਂ ਰੱਦ ਕਰ ਦਿੱਤੀਆਂ ਗਈਆਂ ਹਨ, ਜਿਸ ਕਾਰਨ ਲੋਕ ਓਥੇ ਫਸੇ ਹੋਏ ਹਨ। ਤਾਜ਼ਾ ਜਾਣਕਾਰੀ ਅਨੁਸਾਰ ਮਾਨਸਾ ਦੇ ਸਰਦੂਲਗੜ੍ਹ ਤੋਂ ਹਨੀਮੂਨ ਮਨਾਉਣ ਦੁਬਈ ਗਿਆ ਨਵ-ਵਿਆਹਿਆ ਜੋੜਾ ਵੀ ਇਜ਼ਰਾਈਲ-ਈਰਾਨ ਜੰਗ ਕਾਰਨ ਉੱਥੇ ਫਸ ਗਿਆ। ਗੁਰਪ੍ਰੀਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਦੀ ਵਾਪਸੀ ਦੀ ਫਲਾਈਟ 3 ਮਾਰਚ ਨੂੰ ਸੀ, ਪਰ ਉਡਾਣ ਰੱਦ ਹੋਣ ਕਾਰਨ ਉਹ ਘਰ ਨਹੀਂ ਪਰਤ ਪਾ ਰਹੇ ਹਨ।

ਗੁਰਪ੍ਰੀਤ ਨੇ ਫ਼ੋਨ ਕਰਕੇ ਪਰਿਵਾਰ ਨੂੰ ਆਪਣੇ ਸੁਰੱਖਿਅਤ ਹੋਣ ਦੀ ਜਾਣਕਾਰੀ ਦਿੱਤੀ ਹੈ, ਪਰ ਹਾਲਾਤ ਨੂੰ ਲੈ ਕੇ ਪਰਿਵਾਰ ਦੀ ਚਿੰਤਾ ਲਗਾਤਾਰ ਵਧਦੀ ਜਾ ਰਹੀ ਹੈ। ਗੁਰਪ੍ਰੀਤ ਦੇ ਪਿਤਾ ਗੁਰਜੰਟ ਸਿੰਘ ਨੇ ਭਾਵੁਕ ਹੋ ਕੇ ਕਿਹਾ ਕਿ ਅਸੀਂ ਸਵੇਰੇ ਉੱਠਦੇ ਹੀ ਸਭ ਤੋਂ ਪਹਿਲਾਂ ਟੀਵੀ ਚਲਾ ਲੈਂਦੇ ਹਾਂ ਅਤੇ ਸਾਰਾ ਦਿਨ ਖ਼ਬਰਾਂ 'ਤੇ ਨਜ਼ਰ ਰਹਿੰਦੀ ਹੈ। ਹਰ ਨਵੀਂ ਅਪਡੇਟ ਦੇ ਨਾਲ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ। ਜਦੋਂ ਤੱਕ ਉਹ ਘਰ ਨਹੀਂ ਪਰਤ ਆਉਂਦੇ, ਚੈਨ ਨਹੀਂ ਆਵੇਗਾ। ਪਰਿਵਾਰ ਦੇ ਹੋਰ ਮੈਂਬਰ ਵੀ ਲਗਾਤਾਰ ਅਰਦਾਸ ਕਰ ਰਹੇ ਹਨ ਕਿ ਹਾਲਾਤ ਜਲਦੀ ਆਮ ਵਰਗੇ ਹੋਣ ਅਤੇ ਉਡਾਣਾਂ ਬਹਾਲ ਹੋਣ ਤਾਂ ਜੋ ਉਨ੍ਹਾਂ ਦਾ ਪੁੱਤਰ-ਨੂੰਹ ਸਹੀ-ਸਲਾਮਤ ਘਰ ਪਰਤ ਸਕਣ। ਗੁਰਜੰਟ ਸਿੰਘ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਦੁਬਈ ਵਿੱਚ ਫਸੇ ਭਾਰਤੀ ਨਾਗਰਿਕਾਂ ਦੀ ਸੁਰੱਖਿਅਤ ਵਾਪਸੀ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣ। ਉਨ੍ਹਾਂ ਕਿਹਾ ਕਿ ਜਿਵੇਂ ਪਹਿਲਾਂ ਵੀ ਸੰਕਟ ਦੇ ਸਮੇਂ ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਕੱਢਿਆ ਹੈ, ਉਵੇਂ ਹੀ ਇਸ ਵਾਰ ਵੀ ਜਲਦੀ ਕਦਮ ਚੁੱਕੇ ਜਾਣੇ ਚਾਹੀਦੇ ਹਨ।

# ਵਰਿੰਦਰ ਸਿੰਘ ਘੁੰਮਣ ਦੀ ਮੌਤ ਡਾਕਟਰਾਂ ਦੀ ਲਾਪਰਵਾਹੀ ਕਾਰਨ ਹੋਈ, ਪਰਿਵਾਰ ਨੇ ਕੀਤਾ ਦਾਅਵਾ



ਚੰਡੀਗੜ੍ਹ: ਮਸ਼ਹੂਰ ਅੰਤਰਰਾਸ਼ਟਰੀ ਬਾਡੀ ਬਿਲਡਰ ਅਤੇ ਅਦਾਕਾਰ ਵਰਿੰਦਰ ਸਿੰਘ ਘੁੰਮਣ ਦੀ ਮੌਤ ਦੇ ਮਾਮਲੇ ਵਿੱਚ ਵੱਡਾ ਖੁਲਾਸਾ ਹੋਇਆ ਹੈ। ਹੁਣ ਇਸ ਮਾਮਲੇ ਸਬੰਧੀ ਡਾਕਟਰਾਂ ਦੇ ਪੈਨਲ ਦੀ ਰਿਪੋਰਟ ਸਾਹਮਣੇ ਆ ਗਈ ਹੈ। ਰਿਪੋਰਟ ਨੂੰ ਲੈ ਕੇ ਪਰਿਵਾਰ ਦਾ ਕਹਿਣਾ ਹੈ ਕਿ ਰਿਪੋਰਟ ਵਿਚ ਘੁੰਮਣ ਦੀ ਡਾਕਟਰਾਂ ਦੀ ਲਾਪਰਵਾਹੀ ਕਾਰਨ ਮੌਤ ਹੋਣ ਦੀ ਪੁਸ਼ਟੀ ਹੋਈ ਹੈ।

ਵਰਿੰਦਰ ਸਿੰਘ ਘੁੰਮਣ ਦੇ ਰਿਸ਼ਤੇਦਾਰਾਂ ਨੇ ਕਿਹਾ ਕਿ ਉਹ ਆਉਣ ਵਾਲੇ ਦਿਨਾਂ ਵਿੱਚ ਇੱਕ ਪ੍ਰੈਸ ਕਾਨਫਰੰਸ ਕਰਨਗੇ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪਰਿਵਾਰ ਨੇ 17 ਅਕਤੂਬਰ, 2025 ਨੂੰ ਅੰਮ੍ਰਿਤਸਰ ਪੁਲਿਸ ਕਮਿਸ਼ਨਰ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਜਾਂਚ ਲਈ ਇੱਕ ਮੈਡੀਕਲ ਬੋਰਡ ਬਣਾਇਆ ਗਿਆ। ਵਰਿੰਦਰ ਦੇ ਰਿਸ਼ਤੇਦਾਰ ਰੱਬੀ ਨੇ ਦੱਸਿਆ ਕਿ ਘੁੰਮਣ ਦੀ ਮੌਤ ਦੇ ਬਾਅਦ ਡਾਕਟਰਾਂ ਦੇ ਪੈਨਲ ਰਿਪੋਰਟ ਵਿਚ ਖ਼ੁਲਾਸਾ ਹੋਇਆ ਹੈ। ਵਰਿੰਦਰ ਸਿੰਘ ਘੁੰਮਣ ਦੀ ਮੈਡੀਕਲ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਹਸਪਤਾਲ ਦੀ ਲਾਪਰਵਾਹੀ ਕਾਰਨ ਉਨ੍ਹਾਂ ਦੀ ਮੌਤ ਹੋਈ। ਦੱਸਿਆ ਜਾ ਰਿਹਾ ਹੈ ਕਿ ਪਰਿਵਾਰ ਇਸ ਮਾਮਲੇ ਨੂੰ ਲੈ ਕੇ ਹੁਣ ਫੋਰਟਿਸ ਹਸਪਤਾਲ ਦੇ ਖ਼ਿਲਾਫ਼ ਲੀਗਲ ਐਕਸ਼ਨ ਲੈਣ ਜਾ ਰਿਹਾ ਹੈ।

ਪਰਿਵਾਰ ਦਾ ਕਹਿਣਾ ਹੈ ਕਿ ਵਰਿੰਦਰ ਘੁੰਮਣ ਆਪਣੀ ਬਾਂਹ ਦੇ ਇਲਾਜ ਲਈ ਅੰਮ੍ਰਿਤਸਰ ਦੇ ਫੋਰਟਿਸ ਹਸਪਤਾਲ ਗਏ ਸਨ, ਜਿੱਥੇ ਉਹ ਪੂਰੀ ਤਰ੍ਹਾਂ ਤੰਦਰੁਸਤ ਸਨ। ਜਿਨ੍ਹਾਂ ਨੇ ਹਸਪਤਾਲ ਵਿਚ ਆਪਰੇਸ਼ਨ ਤੋਂ ਪਹਿਲਾਂ ਆਪਣੀ ਵੀਡੀਓ ਵੀ ਬਣਾਈ ਸੀ, ਜਿਸ ਵਿਚ ਉਹ ਬਿਲਕੁਲ ਸਹੀ-ਸਲਾਮਤ ਨਜ਼ਰ ਆ ਰਹੇ ਸਨ। ਜ਼ਿਕਰਯੋਗ ਹੈ ਕਿ ਮਸ਼ਹੂਰ ਅੰਤਰਰਾਸ਼ਟਰੀ ਬਾਡੀ ਬਿਲਡਰ ਅਤੇ ਅਦਾਕਾਰ ਵਰਿੰਦਰ ਸਿੰਘ ਘੁੰਮਣ (42) ਦਾ ਦੇਹਾਂਤ 9 ਅਕਤੂਬਰ 2025 ਨੂੰ ਅੰਮ੍ਰਿਤਸਰ ਦੇ ਫੋਰਟਿਸ ਹਸਪਤਾਲ ਵਿੱਚ ਸਰਜਰੀ ਦੌਰਾਨ ਦਿਲ ਦਾ ਦੌਰਾ (Cardiac Arrest) ਪੈਣ ਕਾਰਨ ਹੋਇਆ। ਉਹ ਮੋਢੇ ਦੀ ਸੱਟ ਦੇ ਇਲਾਜ ਲਈ ਦਾਖਲ ਹੋਏ ਸਨ ਜਿੱਥੇ ਹਸਪਤਾਲ ਪ੍ਰਸ਼ਾਸਨ ਨੇ 3:35 ਵਜੇ ਕਾਰਡੀਅਕ ਐਰੀਥਮੀਆ ਕਾਰਨ ਮੌਤ ਦੀ ਪੁਸ਼ਟੀ ਕੀਤੀ।









# ਔਖੇ ਹਾਲਾਤਾਂ 'ਚ ਸਰੀਰ ਦੀ ਪ੍ਰਤੀਕ੍ਰਿਆ

ਮਨੁੱਖ ਜੈਵਿਕ ਤੌਰ 'ਤੇ ਜ਼ਿੰਦਗੀ ਜੀਣ ਲਈ ਬਣਿਆ ਹੈ। ਜਦੋਂ ਕੋਈ ਖਤਰਾ, ਸਦਮਾ ਜਾਂ ਬਹੁਤ ਜ਼ਿਆਦਾ ਤਣਾਅ ਸਾਹਮਣੇ ਆਉਂਦਾ ਹੈ, ਤਾਂ ਸਰੀਰ ਆਪਣੇ ਆਪ ਇਕ ਸੰਕਟਕਾਲੀਨ ਅਵਸਥਾ ਵਿੱਚ ਚਲਾ ਜਾਂਦਾ ਹੈ ਜਿਸਨੂੰ ਲੜੋ-ਜਾਂ-ਭੱਜੋ ਪ੍ਰਤੀਕ੍ਰਿਆ ਕਿਹਾ ਜਾਂਦਾ ਹੈ। ਇਹ ਪ੍ਰਤੀਕ੍ਰਿਆ ਮਨੁੱਖ ਨੂੰ ਜਾਂ ਤਾਂ ਖ਼ਤਰੇ ਦਾ ਸਾਹਮਣਾ ਕਰਨ (ਲੜੋ) ਜਾਂ ਉਸ ਤੋਂ ਬਚ ਕੇ ਨਿਕਲਣ (ਭੱਜੋ) ਲਈ ਤਿਆਰ ਕਰਦੀ ਹੈ। ਇਸ ਧਾਰਨਾ ਨੂੰ 20ਵੀਂ ਸਦੀ ਦੇ ਸ਼ੁਰੂ ਵਿੱਚ ਵਿਗਿਆਨੀ ਵਾਲਟਰ ਕੈਨਨ ਨੇ ਵਰਣਨ ਕੀਤਾ ਸੀ।

ਅੱਜ ਆਧੁਨਿਕ ਮਨੋਵਿਗਿਆਨ ਅਤੇ ਆਧੁਨਿਕ ਇਲਾਜ਼ ਪ੍ਰਣਾਲੀ ਦੇ ਵਿਗਿਆਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇਹ ਮਨੁੱਖ ਦੇ ਅੰਦਰ ਮੌਜੂਦ ਇਕ ਡੂੰਘਾ ਜੀਵਨ-ਰੱਖਿਆ ਤੰਤਰ ਹੈ।

**ਲੜਨ ਜਾਂ ਭੱਜਣ ਦੌਰਾਨ ਕੀ ਹੁੰਦਾ ਹੈ?**

ਜਦੋਂ ਦਿਮਾਗ ਖ਼ਤਰਾ ਮਹਿਸੂਸ ਕਰਦਾ ਹੈ — ਚਾਹੇ ਉਹ ਸਰੀਰਕ ਹੋਵੇ ਜਾਂ ਮਾਨਸਿਕ — ਤਾਂ ਉਹ ਸਿਮਪੈਥੈਟਿਕ ਨਰਵਸ ਸਿਸਟਮ ਨੂੰ ਸਰਗਰਮ ਕਰ ਦਿੰਦਾ ਹੈ, ਜੋ ਸਰੀਰ ਦਾ ਐਮਰਜੈਂਸੀ ਕੰਟਰੋਲ ਕੇਂਦਰ ਹੈ।

ਕੁਝ ਸਕਿੰਟਾਂ ਵਿੱਚ ਕਈ ਤਬਦੀਲੀਆਂ ਹੁੰਦੀਆਂ ਹਨ:

ਦਿਲ ਦੀ ਧੜਕਨ ਤੇਜ਼ ਹੋ ਜਾਂਦੀ ਹੈ ਤਾਂ ਜੋ ਮਾਸਪੇਸ਼ੀਆਂ ਨੂੰ ਵਧੇਰੇ ਖ਼ੂਨ ਮਿਲੇ, ਸਾਹ ਤੇਜ਼ ਹੋ ਜਾਂਦਾ ਹੈ ਤਾਂ ਜੋ ਵਧੇਰੇ ਆਕਸੀਜ਼ਨ ਮਿਲੇ, ਅੱਖਾਂ ਦੀਆਂ ਪੁਤਲੀਆਂ ਫੈਲ ਜਾਂਦੀਆਂ ਹਨ ਤਾਂ ਜੋ ਦ੍ਰਿਸ਼ਟੀ ਸੁਧਰੇ, ਪਾਚਣ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ ਤਾਂ ਜੋ ਊਰਜਾ ਬਚੇ, ਮਾਸਪੇਸ਼ੀਆਂ ਤਣਾਅ ਵਿੱਚ ਆ ਕੇ ਕਾਰਵਾਈ ਲਈ ਤਿਆਰ ਹੋ ਜਾਂਦੀਆਂ ਹਨ, ਧਿਆਨ ਅਤੇ ਚੌਕਸੀ ਬਹੁਤ ਵੱਧ ਜਾਂਦੀ ਹੈ।

ਇਹ ਸਾਰੀ ਪ੍ਰਕਿਰਿਆ ਬਿਨਾਂ ਸੋਚੇ-ਸਮਝੇ, ਆਪਣੇ ਆਪ ਹੋ ਜਾਂਦੀ ਹੈ।

**ਹਾਰਮੋਨਾਂ ਦੀ ਭੂਮਿਕਾ**

ਹਾਂ — ਹਾਰਮੋਨ ਇਸ ਪ੍ਰਤੀਕ੍ਰਿਆ ਦਾ ਕੇਂਦਰ ਹਨ।

ਦੋ ਮੁੱਖ ਤਣਾਅ ਹਾਰਮੋਨ ਨਿਕਲਦੇ ਹਨ:

1. ਐਡ੍ਰਿਨਲਿਨ (Epinephrine)

ਐਡ੍ਰੀਨਲ ਗ੍ਰੰਥੀਆਂ ਤੋਂ ਨਿਕਲਦਾ ਹੈ, ਦਿਲ ਦੀ ਧੜਕਨ ਅਤੇ ਖ਼ੂਨ ਦਾ ਦਬਾਅ ਵਧਾਉਂਦਾ ਹੈ, ਸਰੀਰ ਨੂੰ ਤੁਰੰਤ ਊਰਜਾ ਦਿੰਦਾ ਹੈ, ਪ੍ਰਤੀਕ੍ਰਿਆ ਦੀ ਗਤੀ ਤੇਜ਼ ਕਰਦਾ ਹੈ।

2. ਕੋਰਟਿਸੋਲ

ਕੋਰਟਿਸੋਲ ਨੂੰ ਸਟ੍ਰੈੱਸ ਹਾਰਮੋਨ ਕਿਹਾ ਜਾਂਦਾ ਹੈ ਇਹ ਹਾਰਮੋਨ ਲੰਬੇ ਸਮੇਂ ਲਈ ਚੌਕਸੀ ਬਣਾਈ ਰੱਖਦਾ ਹੈ,ਖੂਨ ਵਿੱਚ ਸ਼ੂਗਰ ਵਧਾ ਕੇ ਤੁਰੰਤ ਉਰਜਾ ਦਿੰਦਾ ਹੈ, ਗੈਰ-ਜ਼ਰੂਰੀ ਕੰਮਾਂ ਜਿਵੇਂ ਰੋਗ-ਰੋਕਣ ਵਾਲੇ ਤੰਤਰ ਅਤੇ ਪਾਚਣ ਕਿਰਿਆ ਨੂੰ ਅਸਥਾਈ ਤੌਰ 'ਤੇ ਘਟਾ ਦਿੰਦਾ ਹੈ, ਇਹ ਹਾਰਮੋਨ ਸਰੀਰ ਨੂੰ ਕੁਝ ਸਮੇਂ ਲਈ ਜੀਵਨ-ਬਚਾਉਣ ਵਾਲੀ ਮਸ਼ੀਨ ਬਣਾ ਦਿੰਦੇ ਹਨ।

ਕੀ ਇਹ ਪ੍ਰਤੀਕ੍ਰਿਆ ਸਭ ਵਿੱਚ ਇੱਕੋ ਜਿਹੀ ਹੁੰਦੀ ਹੈ?

ਮੂਲ ਜੈਵਿਕ ਪ੍ਰਕਿਰਿਆ ਲਗਭਗ ਸਭ ਮਨੁੱਖਾਂ ਅਤੇ ਕਈ ਜਾਨਵਰਾਂ ਵਿੱਚ ਇੱਕੋ ਜਿਹੀ ਹੈ। ਪਰ ਇਸ ਦਾ ਪ੍ਰਗਟਾਵਾ ਵਿਅਕਤੀ-ਵਿਅਕਤੀ ਅਨੁਸਾਰ ਵੱਖਰਾ ਹੁੰਦਾ ਹੈ।

ਇਸ 'ਤੇ ਪ੍ਰਭਾਵ ਪਾਉਣ ਵਾਲੇ ਕਾਰਕ ਵਿਅਕਤੀਗਤ ਸੁਭਾਉ, ਪਿਛਲੇ ਤਜਰਬੇ, ਸਰੀਰਕ ਤੰਦਰੁਸਤੀ, ਮਾਨਸਿਕ ਸਿਹਤ, ਸੱਭਿਆਚਾਰਕ ਪ੍ਰਭਾਵ, ਖ਼ਤਰੇ ਦੀ ਕਿਸਮ, ਕੋਈ ਵਿਅਕਤੀ ਮੁਕਾਬਲਾ ਕਰਦਾ ਹੈ, ਕੋਈ ਭੱਜ ਜਾਂਦਾ ਹੈ ਤੇ ਕੋਈ ਸਥਿਰ ਹੋ ਜਾਂਦਾ ਹੈ।

ਕੀ ਇਹ ਹਰ ਸਥਿਤੀ ਵਿੱਚ ਲਾਗੂ ਹੁੰਦੀ ਹੈ?

ਪੂਰੀ ਤਰ੍ਹਾਂ ਨਹੀਂ।

ਇਹ ਪ੍ਰਤੀਕ੍ਰਿਆ ਮੁੱਢਲੇ ਤੌਰ 'ਤੇ ਸਰੀਰਕ ਖ਼ਤਰਿਆਂ (ਜਿਵੇਂ ਜਾਨਵਰਾਂ ਦੇ ਹਮਲੇ,



ਹਾਦਸੇ) ਲਈ ਵਿਕਸਿਤ ਹੋਈ ਸੀ। ਪਰ ਆਧੁਨਿਕ ਜੀਵਨ ਵਿੱਚ ਇਹ ਮਾਨਸਿਕ ਤਣਾਅ ਲਈ ਵੀ ਸਰਗਰਮ ਹੋ ਜਾਂਦੀ ਹੈ। ਤਣਾਅ ਦੀਆਂ ਅਵਸਥਾਵਾਂ ਵਿੱਚ ਇਮਤਿਹਾਨ, ਨੌਕਰੀ ਦਾ ਦਬਾਅ, ਆਰਥਿਕ ਚਿੰਤਾ, ਸਮਾਜਿਕ ਟਕਰਾਅ, ਜਨਤਕ ਭਾਸ਼ਣ, ਦੁਖਦਾਈ ਯਾਦਾਂ

ਇਨ੍ਹਾਂ ਹਾਲਾਤਾਂ ਵਿੱਚ ਅਸਲ ਖ਼ਤਰਾ ਨਹੀਂ ਹੁੰਦਾ, ਪਰ ਸਰੀਰ ਉਸੇ ਤਰ੍ਹਾਂ ਪ੍ਰਤੀਕ੍ਰਿਆ ਕਰਦਾ ਹੈ।

ਫ੍ਰੀਜ਼ ਪ੍ਰਤੀਕ੍ਰਿਆ — ਤੀਜਾ ਵਿਕਲਪ

ਆਧੁਨਿਕ ਮਨੋਵਿਗਿਆਨ ਤੀਜੀ ਪ੍ਰਤੀਕ੍ਰਿਆ ਨੂੰ ਵੀ ਮੰਨਦਾ ਹੈ:

ਫ੍ਰੀਜ਼ (Freeze)

ਕਈ ਵਾਰ ਵਿਅਕਤੀ ਹਿਲਣ-ਜੁਲਣ ਤੋਂ ਅਸਮਰਥ ਹੋ ਜਾਂਦਾ ਹੈ, ਚੁੱਪ ਜਾਂ ਸੁੰਨ ਹੋ ਜਾਂਦਾ ਹੈ। ਇਹ ਵੀ ਇਕ ਜੀਵਨ-ਬਚਾਉਣ ਵਾਲੀ ਰਣਨੀਤੀ ਹੈ।

ਇਸ ਤਰ੍ਹਾਂ ਤਿੰਨ ਸੰਭਾਵਿਤ ਪ੍ਰਤੀਕ੍ਰਿਆਵਾਂ ਹਨ ਲੜਨਾ, ਭੱਜਣਾ ਅਤੇ ਸੁੰਨ (ਫ੍ਰੀਜ਼) ਹੋ ਜਾਣਾ।

ਕੀ ਇਹ ਹਾਨੀਕਾਰਕ ਹੋ ਸਕਦੀ ਹੈ?

ਛੋਟੇ ਸਮੇਂ ਲਈ ਇਹ ਅਵਸਥਾ ਲਾਭਦਾਇਕ ਅਤੇ ਜੀਵਨ-ਰੱਖਿਆਕਾਰੀ ਹੈ।

ਪਰ ਜੇ ਇਹ ਲੰਬੇ ਸਮੇਂ ਤੱਕ ਚਾਲੂ ਰਹੇ ਤਾਂ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਲੰਬੇ ਸਮੇਂ ਦੇ ਪ੍ਰਭਾਵ ਵਿੱਚ ਸ਼ਾਮਲ ਹਨ ਡਰ, ਚਿੰਤਾ ਅਤੇ ਬੇਚੈਨੀ, ਉੱਚ ਖ਼ੂਨ ਦਬਾਅ, ਨੀਂਦ ਦੀ ਸਮੱਸਿਆ, ਕਮਜ਼ੋਰ ਰੋਗ-ਰੋਕਣ ਦੀ ਤਾਕਤ, ਪਾਚਣ ਦੀਆਂ ਸਮੱਸਿਆਵਾਂ, ਦਿਲ ਦੀ ਬਿਮਾਰੀਆਂ ਦਾ ਖ਼ਤਰਾ। ਆਧੁਨਿਕ ਤਣਾਅ ਸਰੀਰ ਨੂੰ ਲਗਾਤਾਰ ਚੌਕਸੀ ਵਿੱਚ ਰੱਖਦਾ ਹੈ।

ਇਹ ਪ੍ਰਣਾਲੀ ਕਿਉਂ ਮੌਜੂਦ ਹੈ?

ਵਿਕਾਸਵਾਦੀ ਦ੍ਰਿਸ਼ਟੀਕੋਣ ਤੋਂ, ਇਸ ਪ੍ਰਤੀਕ੍ਰਿਆ ਨੇ ਪ੍ਰਾਚੀਨ ਮਨੁੱਖ ਨੂੰ ਖਤਰਨਾਕ ਹਾਲਾਤਾਂ ਤੋਂ ਬਚਾਇਆ।

ਇਹ ਤੁਰੰਤ ਜੀਵਨ ਬਚਾਉਣ ਨੂੰ ਪਹਿਲ ਦੇਂਦੀ ਹੈ, ਅਸਥਾਈ ਤੌਰ 'ਤੇ ਤਾਕਤ ਵਧਾ ਸਕਦੀ ਹੈ। ਦਰਦ ਮਹਿਸੂਸ ਕਰਨਾ ਘਟਾ ਸਕਦੀ ਹੈ, ਪ੍ਰਤੀਕ੍ਰਿਆ ਦੀ ਗਤੀ ਵਧਾ ਸਕਦੀ ਹੈ, ਖ਼ਤਰੇ ਵਿੱਚ ਫ਼ੈਸਲਾ ਕਰਨ ਦੀ ਸਮਰਥਾ ਸੁਧਾਰ ਸਕਦੀ ਹੈ।

ਇਸ ਪ੍ਰਤੀਕ੍ਰਿਆ ਨੂੰ ਕਿਵੇਂ ਸ਼ਾਂਤ ਕੀਤਾ ਜਾਵੇ?

ਕਿਉਂਕਿ ਆਧੁਨਿਕ ਤਣਾਅ ਜ਼ਿਆਦਾਤਰ ਮਾਨਸਿਕ ਹੁੰਦਾ ਹੈ, ਇਸ ਲਈ ਸ਼ਾਂਤੀ ਦੇ ਤਰੀਕੇ ਬਹੁਤ ਜ਼ਰੂਰੀ ਹਨ ਡੂੰਘੀ ਸਾਹ ਲੈਣ ਦੀ ਕਸਰਤ, ਧਿਆਨ ਅਤੇ ਮਾਈਂਡਫੁਲਨੈੱਸ, ਸਰੀਰਕ ਕਸਰਤ, ਪੂਰੀ ਨੀਂਦ, ਪਰਿਵਾਰ ਅਤੇ ਦੋਸਤਾਂ ਦਾ ਸਹਿਯੋਗ

ਮਨ ਨੂੰ ਸ਼ਾਂਤ ਕਰਨ ਵਾਲੀਆਂ ਤਕਨੀਕਾਂ।

ਇਹ ਤਰੀਕੇ ਪੈਰਾਸਿਮਪੈਥੈਟਿਕ ਨਰਵਸ ਸਿਸਟਮ ਨੂੰ ਸਰਗਰਮ ਕਰਦੇ ਹਨ, ਜੋ ਸਰੀਰ ਨੂੰ ਮੁੜ ਸ਼ਾਂਤ ਅਵਸਥਾ ਵਿੱਚ ਲਿਆਉਂਦਾ ਹੈ।

ਲੜੋ ਜਾਂ ਭੱਜੋ ਵਾਲੀ ਪ੍ਰਤੀਕ੍ਰਿਆ ਇਕ ਸ਼ਕਤੀਸ਼ਾਲੀ ਜੀਵਨ-ਰੱਖਿਆਕਾਰੀ ਤੰਤਰ ਹੈ ਜੋ ਕਠਿਨ ਹਾਲਾਤਾਂ ਵਿੱਚ ਜੀਵਨ ਦੀ ਰੱਖਿਆ ਲਈ ਬਣਿਆ ਹੈ। ਇਹ ਮੁੱਖ ਤੌਰ 'ਤੇ ਐਡ੍ਰਿਨਲਿਨ ਅਤੇ ਕੋਰਟਿਸੋਲ ਵਰਗੇ ਹਾਰਮੋਨਾਂ ਦੇ ਤੇਜ਼ ਬਦਲਾਵਾਂ ਨਾਲ ਚਲਦੀ ਹੈ। ਇਹ ਮਨੁੱਖਾਂ ਵਿੱਚ ਆਮ ਹੈ, ਪਰ ਇਸ ਦਾ ਪ੍ਰਗਟਾਵਾ ਵੱਖਰਾ ਹੋ ਸਕਦਾ ਹੈ। ਕਦੇ-ਕਦੇ ਸਰਗਰਮ ਹੋਵੇ ਤਾਂ ਲਾਭਦਾਇਕ ਹੈ, ਪਰ ਲੰਬੇ ਸਮੇਂ ਲਈ ਰਹੇ ਤਾਂ ਸਰੀਰ ਅਤੇ ਮਨ ਦੋਵਾਂ ਲਈ ਹਾਨੀਕਾਰਕ ਹੋ ਸਕਦੀ ਹੈ।

ਇਸ ਪ੍ਰਤੀਕ੍ਰਿਆ ਨੂੰ ਸਮਝਣਾ ਮਨੁੱਖ ਨੂੰ ਤਣਾਅ ਨੂੰ ਬਿਹਤਰ ਢੰਗ ਨਾਲ ਸੰਭਾਲਣ ਅਤੇ ਸਮੁੱਚੀ ਸਿਹਤ ਨੂੰ ਬਰਕਰਾਰ ਰੱਖਣ ਵਿੱਚ ਮਦਦ ਕਰਦਾ ਹੈ।

ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ,
ਪੰਜਾਬ।



# ਸਾਵਧਾਨ ! ਅੰਮ੍ਰਿਤ ਵਰਗਾ ਸ਼ਹਿਦ ਬਣ ਸਕਦਾ ਹੈ ਜ਼ਹਿਰ



ਸ਼ਹਿਦ ਇੱਕ ਕੁਦਰਤੀ ਮਿੱਠਾ ਪਦਾਰਥ ਹੈ, ਜੋ ਮਧੂ-ਮੱਖੀਆਂ ਦੁਆਰਾ ਫੁੱਲਾਂ ਦੇ ਰਸ ਤੋਂ ਬਣਾਇਆ ਜਾਂਦਾ ਹੈ। ਇਸ ਨੂੰ 'ਸੁਪਰਫੂਡ' ਕਿਹਾ ਜਾਂਦਾ ਹੈ ਕਿਉਂਕਿ ਇਸ ਵਿੱਚ ਕੁਦਰਤੀ ਸ਼ੂਗਰ ਦੇ ਨਾਲ-ਨਾਲ ਐਂਟੀ-ਆਕਸੀਡੈਂਟ ਅਤੇ ਮਿਨਰਲਸ (ਖਣਿਜ) ਵੀ ਮੌਜੂਦ ਹੁੰਦੇ ਹਨ। ਸ਼ਹਿਦ ਵਿੱਚ ਐਂਟੀ-ਆਕਸੀਡੈਂਟ ਅਤੇ ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ, ਜਿਸ ਨਾਲ ਸਰੀਰ ਦੀ ਇਮਿਊਨਿਟੀ (ਰੋਗਾਂ ਨਾਲ ਲੜਨ ਦੀ ਸ਼ਕਤੀ) ਵਧਾਉਣ ਵਿੱਚ ਮਦਦ ਮਿਲਦੀ ਹੈ। ਖਾਂਸੀ ਤੋਂ ਰਾਹਤ ਲਈ ਸ਼ਹਿਦ ਫਾਇਦੇਮੰਦ ਮੰਨਿਆ ਜਾਂਦਾ ਹੈ।

ਸ਼ਹਿਦ ਵਿੱਚ ਹਾਲਤ ਸੁਧਾਰਨ (Healing) ਦੇ ਗੁਣ ਹੁੰਦੇ ਹਨ, ਇਸ ਲਈ ਇਹ ਚਮੜੀ ਅਤੇ ਵਾਲਾਂ ਲਈ ਵੀ ਗੁਣਕਾਰੀ ਹੈ। ਸ਼ਹਿਦ ਵਿੱਚ ਵਿਟਾਮਿਨ-ਸੀ, ਕੈਲਸ਼ੀਅਮ, ਪੋਟਾਸ਼ੀਅਮ ਅਤੇ ਆਇਰਨ ਵਰਗੇ ਪੌਸ਼ਟਿਕ ਤੱਤ ਵੀ ਪਾਏ ਜਾਂਦੇ ਹਨ। ਇਹ ਪਾਚਨ ਪ੍ਰਣਾਲੀ ਨੂੰ ਬਿਹਤਰ ਬਣਾਉਣ ਦਾ ਕੰਮ ਕਰਦਾ ਹੈ। ਸ਼ਹਿਦ ਨੂੰ ਖਾਣ ਤੋਂ ਪਹਿਲਾਂ ਇਹ ਜਾਣ ਲਓ ਕਿ ਇਸ ਦੇ ਸੇਵਨ ਦੌਰਾਨ ਕਿਹੜੀਆਂ ਗਲਤੀਆਂ ਤੋਂ ਬਚਣਾ ਚਾਹੀਦਾ ਹੈ ਅਤੇ ਸ਼ਹਿਦ ਖਾਣ ਦਾ ਸਹੀ ਤਰੀਕਾ ਕੀ ਹੈ?

**ਸ਼ਹਿਦ ਦੇ ਸੇਵਨ ਵੇਲੇ ਇਹਨਾਂ 5 ਗਲਤੀਆਂ ਤੋਂ ਬਚੋ:**

1. ਬਹੁਤ ਜ਼ਿਆਦਾ ਸ਼ਹਿਦ ਦਾ ਸੇਵਨ (Consuming Too Much Honey)

ਲਖਨਊ ਦੇ 'ਦਿ ਨਿਊਟਰੀਵਾਈਜ਼ ਕਲੀਨਿਕ' ਦੀ ਨਿਊਟ੍ਰੀਸ਼ਨਿਸਟ ਨੇਹਾ ਸਿਨਹਾ ਨੇ ਦੱਸਿਆ ਕਿ ਸ਼ਹਿਦ ਕੁਦਰਤੀ ਹੁੰਦਾ ਹੈ, ਇਹ ਸਮਝ ਕੇ ਲੋਕ ਇਸ ਨੂੰ ਜ਼ਿਆਦਾ ਮਾਤਰਾ ਵਿੱਚ ਖਾਣਾ ਸ਼ੁਰੂ ਕਰ ਦਿੰਦੇ ਹਨ।ਪਰ ਸ਼ਹਿਦ ਵਿੱਚ ਕੁਦਰਤੀ ਸ਼ੂਗਰ ਹੁੰਦੀ ਹੈ ਅਤੇ ਇਸ ਨੂੰ ਜ਼ਿਆਦਾ ਲੈਣ ਨਾਲ ਸ਼ੂਗਰ ਲੈਵਲ ਤੇਜ਼ੀ ਨਾਲ ਵਧ ਸਕਦਾ ਹੈ, ਜਿਸ ਨਾਲ ਭਾਰ ਵਧਣਾ ਜਾਂ ਮੈਟਾਬੋਲਿਕ ਸਮੱਸਿਆਵਾਂ ਹੋ ਸਕਦੀਆਂ ਹਨ। ਦਿਨ ਭਰ ਵਿੱਚ ਇੱਕ ਤੋਂ ਦੋ ਚਮਚ (Teaspoon) ਤੋਂ ਵੱਧ ਸ਼ਹਿਦ ਦਾ ਸੇਵਨ ਨਹੀਂ ਕਰਨਾ ਚਾਹੀਦਾ।

2. ਮਿਲਾਵਟੀ ਜਾਂ ਪ੍ਰੋਸੈਸਡ ਸ਼ਹਿਦ ਦਾ ਸੇਵਨ (Consuming Processed Or Adulterated Honey)

ਬਾਜ਼ਾਰ ਵਿੱਚ ਮਿਲਣ ਵਾਲੇ ਸਾਰੇ ਸ਼ਹਿਦ ਸਿਹਤ ਲਈ ਸੁਰੱਖਿਅਤ ਨਹੀਂ ਹੁੰਦੇ। ਕੁਝ ਸ਼ਹਿਦ ਵਿੱਚ ਵਾਧੂ ਸ਼ੂਗਰ ਸਿਰਪ ਮਿਲਾਇਆ ਜਾਂਦਾ ਹੈ ਅਤੇ ਕੁਝ ਵਿੱਚ ਨਕਲੀ ਫਲੇਵਰ। ਜ਼ਿਆਦਾ ਪ੍ਰੋਸੈਸ ਕੀਤੇ ਹੋਏ ਸ਼ਹਿਦ ਵਿੱਚ ਪੌਸ਼ਟਿਕ ਤੱਤਾਂ ਦੀ ਕਮੀ ਹੋ ਸਕਦੀ ਹੈ। ਹਮੇਸ਼ਾ ਭਰੋਸੇਮੰਦ ਬ੍ਰਾਂਡ ਚੁਣੋ ਅਤੇ ਖਰੀਦਣ ਤੋਂ ਪਹਿਲਾਂ ਸਮੱਗਰੀ (Ingredients) ਦੀ ਜਾਂਚ ਕਰੋ।

**3. ਗਰਮ ਚੀਜ਼ਾਂ ਨਾਲ ਸ਼ਹਿਦ ਦਾ ਸੇਵਨ**

ਸ਼ਹਿਦ ਨੂੰ ਕਦੇ ਵੀ ਬਹੁਤ ਗਰਮ ਦੁੱਧ, ਗਰਮ ਚਾਹ ਜਾਂ ਗਰਮ ਮਿਠਾਈ ਦੇ ਨਾਲ ਨਹੀਂ ਖਾਣਾ ਚਾਹੀਦਾ। ਅਜਿਹਾ ਕਰਨ ਨਾਲ ਸ਼ਹਿਦ ਵਿੱਚ ਮੌਜੂਦ ਐਂਟੀ-ਆਕਸੀਡੈਂਟ ਖ਼ਤਮ ਹੋ ਜਾਂਦੇ ਹਨ। ਤੁਸੀਂ ਇਸ ਨੂੰ ਕੋਸੇ (Lukewarm) ਪਾਣੀ ਜਾਂ ਦੁੱਧ ਵਿੱਚ ਮਿਲਾ ਕੇ ਲੈ ਸਕਦੇ ਹੋ, ਪਰ ਉਬਲਦੀਆਂ ਚੀਜ਼ਾਂ ਵਿੱਚ ਨਹੀਂ।

**4. ਸ਼ੂਗਰ (Diabetes) ਵਿੱਚ ਸ਼ਹਿਦ ਦਾ ਸੇਵਨ**

ਜੇਕਰ ਤੁਹਾਨੂੰ ਸ਼ੂਗਰ ਹੈ, ਤਾਂ ਸ਼ਹਿਦ ਦਾ ਰੋਜ਼ਾਨਾ ਸੇਵਨ ਨਹੀਂ ਕਰਨਾ ਚਾਹੀਦਾ। ਸ਼ਹਿਦ ਵਿੱਚ ਫਰੂਟੋਜ਼ ਅਤੇ ਗਲੂਕੋਜ਼ ਵਰਗੀਆਂ ਕੁਦਰਤੀ ਸ਼ੂਗਰ ਹੁੰਦੀਆਂ ਹਨ, ਜੋ ਤੁਹਾਡਾ ਸ਼ੂਗਰ ਲੈਵਲ ਵਧਾ ਸਕਦੀਆਂ ਹਨ।

**5. HMF ਲੈਵਲ ਦਾ ਧਿਆਨ ਰੱਖਣਾ**

ਸ਼ਹਿਦ ਦੀ ਗੁਣਵੱਤਾ ਚੈੱਕ ਕਰਨ ਲਈ HMF (Hydroxymethylfurfural) ਲੈਵਲ ਦੇਖਿਆ ਜਾਂਦਾ ਹੈ। ਜਦੋਂ ਸ਼ਹਿਦ ਨੂੰ ਗਰਮ ਕੀਤਾ ਜਾਂਦਾ ਹੈ ਤਾਂ HMF ਬਣਦਾ ਹੈ। FSSAI ਦੇ ਅਨੁਸਾਰ, ਸ਼ਹਿਦ ਵਿੱਚ HMF ਦੀ ਮਾਤਰਾ 80 ਮਗ/ਕਗ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਤੋਂ ਵੱਧ ਮਾਤਰਾ ਸੁਰੱਖਿਅਤ ਨਹੀਂ ਮੰਨੀ ਜਾਂਦੀ।

ਸ਼ਹਿਦ ਖਾਣ ਦਾ ਸਹੀ ਤਰੀਕਾ (Right Way To Consume Honey)

ਦਿਨ ਭਰ ਵਿੱਚ 1 ਤੋਂ 2 ਚਮਚ ਤੋਂ ਵੱਧ ਨਾ ਲਓ।

ਸ਼ਹਿਦ ਨੂੰ ਬਹੁਤ ਗਰਮ ਪਾਣੀ ਦੀ ਬਜਾਏ ਕੋਸੇ ਪਾਣੀ ਵਿੱਚ ਮਿਲਾ ਕੇ ਪੀਓ।

ਸਵੇਰੇ ਖਾਲੀ ਪੇਟ ਕੋਸੇ ਪਾਣੀ ਵਿੱਚ ਸ਼ਹਿਦ ਮਿਲਾ ਕੇ ਪੀਣਾ ਸਭ ਤੋਂ ਵੱਧ ਫਾਇਦੇਮੰਦ ਹੈ।

ਇਸ ਨੂੰ ਦਹੀਂ, ਓਟਮੀਲ, ਹਰਬਲ ਚਾਹ ਜਾਂ ਸਮੂਦੀ ਵਿੱਚ ਪਾ ਕੇ ਖਾਧਾ ਜਾ ਸਕਦਾ ਹੈ।

ਸ਼ਹਿਦ ਨੂੰ ਹਮੇਸ਼ਾ ਏਅਰ-ਟਾਈਟ ਕੰਟੇਨਰ ਵਿੱਚ ਕਮਰੇ ਦੇ ਤਾਪਮਾਨ 'ਤੇ ਸਟੋਰ ਕਰੋ।

**ਖ਼ਾਸ ਨੋਟ:** ਇੱਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸ਼ਹਿਦ ਕਦੇ ਨਾ ਖੁਆਓ।

# ਵੈਜੀਟੇਰੀਅਨ ਡਾਈਟ ਅਪਣਾਉਣ ਨਾਲ ਘੱਟ ਹੋ ਜਾਂਦਾ ਹੈ 5 ਤਰ੍ਹਾਂ ਦੇ ਕੈਂਸਰ ਦਾ ਖ਼ਤਰਾ

ਅੱਜ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਸਾਡੀ ਸਿਹਤ ਪਿੱਛੇ ਛੁੱਟਦੀ ਜਾ ਰਹੀ ਹੈ, ਪਰ ਕੀ ਤੁਸੀਂ ਜਾਣਦੇ ਹੋ ਤੁਹਾਡੀ ਹੈਲਥ (ਸਿਹਤ) ਕਾਫੀ ਹੱਦ ਤੱਕ ਸਾਡੀ ਥਾਲੀ 'ਤੇ ਨਿਰਭਰ ਕਰਦੀ ਹੈ। ਹਾਲ ਹੀ ਵਿੱਚ ਆਕਸਫੋਰਡ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਖਾਣ-ਪੀਣ ਅਤੇ ਕੈਂਸਰ ਦੇ ਵਿਚਕਾਰ ਸਬੰਧ ਨੂੰ ਲੈ ਕੇ ਹੁਣ ਤੱਕ ਦੀ ਸਭ ਤੋਂ ਵੱਡੀ ਅਤੇ ਚੌਂਕਾ ਦੇਣ ਵਾਲੀ ਸਟੱਡੀ ਪੇਸ਼ ਕੀਤੀ ਹੈ।

'ਬ੍ਰਿਟਿਸ਼ ਜਰਨਲ ਆਫ਼ ਕੈਂਸਰ' ਵਿੱਚ ਪ੍ਰਕਾਸ਼ਿਤ ਹੋਈ ਇਹ ਸਟੱਡੀ ਦੱਸਦੀ ਹੈ ਕਿ ਜੋ ਲੋਕ ਮੀਟ (ਮਾਸ) ਤੋਂ ਪਰਹੇਜ਼ ਕਰਦੇ ਹਨ, ਉਨ੍ਹਾਂ ਵਿੱਚ ਕੈਂਸਰ ਦੀਆਂ ਕਈ ਕਿਸਮਾਂ ਦਾ ਜੋਖਮ ਕਾਫੀ ਘੱਟ ਹੋ ਜਾਂਦਾ ਹੈ। ਆਓ ਇਸ ਬਾਰੇ ਜਾਣੀਏ।

**16 ਸਾਲ ਦੀ ਰਿਸਰਚ ਅਤੇ 18 ਲੱਖ ਲੋਕ**

ਇਸ ਰਿਸਰਚ ਲਈ ਵਿਗਿਆਨੀਆਂ ਨੇ ਭਾਰਤ, ਬ੍ਰਿਟੇਨ, ਅਮਰੀਕਾ ਅਤੇ ਤਾਈਵਾਨ ਦੇ 18 ਲੱਖ ਤੋਂ ਜ਼ਿਆਦਾ ਲੋਕਾਂ ਦੇ ਡੇਟਾ ਦਾ ਕਰੀਬ 16 ਸਾਲ ਤੱਕ ਡੂੰਘਾਈ ਨਾਲ ਵਿਸ਼ਲੇਸ਼ਣ ਕੀਤਾ। ਇਸ ਅਧਿਐਨ ਵਿੱਚ ਮਾਸ ਖਾਣ ਵਾਲਿਆਂ ਤੋਂ ਲੈ ਕੇ ਮੱਛੀ ਖਾਣ ਵਾਲੇ, ਸ਼ਾਕਾਹਾਰੀ ਅਤੇ ਵੀਗਨ (Vegan) ਲੋਕਾਂ ਤੱਕ ਨੂੰ ਸ਼ਾਮਲ ਕੀਤਾ ਗਿਆ ਸੀ।

ਖੋਜ ਦੇ ਦੌਰਾਨ ਲੋਕਾਂ ਦੇ ਭਾਰ, ਲੰਬਾਈ (BMI) ਅਤੇ ਉਨ੍ਹਾਂ ਦੀ ਜੀਵਨਸ਼ੈਲੀ (Lifestyle) ਵਰਗੇ ਅਹਿਮ ਕਾਰਕਾਂ ਦਾ ਵੀ ਪੂਰਾ ਧਿਆਨ ਰੱਖਿਆ ਗਿਆ।

**ਇਨ੍ਹਾਂ 5 ਤਰ੍ਹਾਂ ਦੇ ਕੈਂਸਰ ਦਾ ਖ਼ਤਰਾ ਹੁੰਦਾ ਹੈ ਘੱਟ**

ਅਧਿਐਨ ਦੇ ਨਤੀਜੇ ਦੱਸਦੇ ਹਨ ਕਿ ਸ਼ਾਕਾਹਾਰੀ ਖਾਣਾ ਅਪਣਾਉਣ ਨਾਲ ਸਰੀਰ ਨੂੰ ਕਈ ਜਾਨਲੇਵਾ ਬਿਮਾਰੀਆਂ ਤੋਂ ਸੁਰੱਖਿਆ ਮਿਲ ਸਕਦੀ ਹੈ। ਅੰਕੜਿਆਂ ਅਨੁਸਾਰ, ਮਾਸ ਖਾਣ ਵਾਲਿਆਂ ਦੀ ਤੁਲਨਾ ਵਿੱਚ ਸ਼ਾਕਾਹਾਰੀਆਂ ਵਿੱਚ ਇਨ੍ਹਾਂ ਕੈਂਸਰਾਂ ਦਾ ਖ਼ਤਰਾ ਕਾਫੀ ਹੱਦ ਤੱਕ ਘੱਟ ਪਾਇਆ ਗਿਆ-

**ਬਿਹਤਰ ਮੇਟਾਬੋਲਿਜ਼ਮ ਤੇ ਪ੍ਰੋਟੀਨ ਦਾ ਖੇਡ**

ਸਟੱਡੀ ਦੇ ਅਨੁਸਾਰ ਸ਼ਾਕਾਹਾਰੀ ਡਾਈਟ ਸਾਡੇ ਸਰੀਰ ਦੇ ਮੇਟਾਬੋਲਿਜ਼ਮ ਨੂੰ ਬਿਹਤਰ ਬਣਾਉਂਦੀ ਹੈ। ਦਰਅਸਲ, ਪਿਛਲੀ ਰਿਸਰਚ ਵਿੱਚ ਇਹ ਦੇਖਿਆ ਗਿਆ ਸੀ ਕਿ ਸ਼ਾਕਾਹਾਰੀ ਲੋਕਾਂ ਦੇ ਖ਼ੂਨ ਵਿੱਚ ਇੱਕ ਖ਼ਾਸ ਪ੍ਰੋਟੀਨ ਦਾ ਪੱਧਰ ਘੱਟ ਹੁੰਦਾ ਹੈ, ਜੋ ਕਿਡਨੀ ਕੈਂਸਰ ਨੂੰ ਵਧਾਉਣ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਸ਼ਾਕਾਹਾਰ ਅਪਣਾਉਣ ਨਾਲ ਸਰੀਰ ਦਾ ਅੰਦਰੂਨੀ ਸਿਸਟਮ ਜ਼ਿਆਦਾ ਬਿਹਤਰ ਤਰੀਕੇ ਨਾਲ ਕੰਮ ਕਰਦਾ ਹੈ।

**ਸਾਵਧਾਨੀ ਵੀ ਹੈ ਜ਼ਰੂਰੀ**

ਮੁੱਖ ਖੋਜਕਰਤਾ ਓਰੋਰਾ ਪੇਰੇਜ਼ ਕੋਰਨਾਗੋ ਨੇ ਇੱਕ ਅਹਿਮ ਸਲਾਹ ਵੀ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ਼ਾਕਾਹਾਰੀ ਖਾਣਾ ਫਾਇਦੇਮੰਦ ਤਾਂ ਹੈ, ਪਰ ਸ਼ਾਕਾਹਾਰੀਆਂ ਨੂੰ ਆਪਣੇ ਸਰੀਰ ਵਿੱਚ ਪੋਸ਼ਕ ਤੱਤਾਂ ਦੀ ਕਮੀ ਨਹੀਂ ਹੋਣ ਦੇਣੀ ਚਾਹੀਦੀ। ਜੇਕਰ ਖਾਣੇ ਤੋਂ ਜ਼ਰੂਰੀ ਪੋਸ਼ਣ ਨਹੀਂ ਮਿਲ ਰਿਹਾ, ਤਾਂ ਡਾਕਟਰ ਦੀ ਸਲਾਹ 'ਤੇ ਸਪਲੀਮੈਂਟਸ ਦਾ ਸਹਾਰਾ ਲਿਆ ਜਾ ਸਕਦਾ ਹੈ। ਇਹ ਰਿਸਰਚ ਸਾਬਤ ਕਰਦੀ ਹੈ ਕਿ ਸਾਡੀ ਡਾਈਟ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਨੂੰ ਰੋਕਣ ਵਿੱਚ ਢਾਲ ਦਾ ਕੰਮ ਕਰ ਸਕਦੀ ਹੈ।












# ਰਾਸ਼ੀਫਲ

**ਮੇਖ :** ਮਾਤਾ ਪਿਤਾ ਦੀ ਸਿਹਤ ਚਿੰਤਾ ਦਾ ਕਾਰਨ ਬਣ ਸਕਦੀ ਹੈ। ਜੀਵਨ ਸਾਥੀ ਦਾ ਖਰਾਬ ਸਿਹਤ ਦੇ ਕਾਰਨ ਅੱਜ ਤੁਹਾਡਾ ਪੈਸਾ ਖਰਚ ਹੋ ਸਕਦਾ ਹੈ ਪਰੰਤੂ ਤੁਹਾਨੂੰ ਇਸ ਨੂੰ ਲੈ ਕੇ ਚਿੰਤਾ ਕਰਨ ਦੀ ਲੋੜ ਨਹੀਂ ਹੈ ਕਿਉਂ ਕਿ ਪੈਸਾ ਇਸ ਬਚਾਇਆ ਜਾਂਦਾ ਹੈ ਕਿ ਮਾੜੇ ਸਮੇ ਵਿਚ ਤੁਹਾਡੇ ਕੰਮ ਆ ਸਕੇ। ਤੁਹਾਡੇ ਆਕਰਸ਼ਣ ਅਤੇ ਵਿਅਕਤਿਤਵ ਦੇ ਜ਼ਰੀਏ ਤੁਹਾਨੂੰ ਕੁਝ ਨਵੇਂ ਦੋਸਤ ਮਿਲਣਗੇ। ਅੱਜ ਤੁਸੀ ਪਿਆਰ ਦੇ ਮੂਡ ਵਿਚ ਹੋਵੋਂਗੇ ਅਤੇ ਤੁਹਾਡੇ ਕੋਲ ਕਾਫੀ ਮੌਕੇ ਵੀ ਹੋਣਗੇ। ਜੋ ਲੋਕ ਵਿਦੇਸ਼ ਵਪਾਰ ਨਾਲ ਜੁੜੇ ਹਨ ਨੂੰ ਲੋੜੀਂਦੇ ਨਤੀਜੇ ਮਿਲਣ ਦੀ ਉਮੀਦ ਹੈ ਇਸ ਦੇ ਨਾਲ ਇਸ ਰਾਸ਼ੀ ਦੇ ਚਿੰਨ੍ਹ ਦੇ ਮਿਹਨਤਕਸ਼ ਨਿਵਾਸੀ ਅੱਜ ਕੰਮ ਦੇ ਸਥਾਨ ਤੇ ਅੱਜ ਆਪਣੇ ਪ੍ਰਤਿਭਾ ਦੀ ਪੂਰੀ ਵਰਤੋਂ ਕਰ ਸਕਦੇ ਹਨ। ਜਦੋਂ ਜ਼ਿਆਦਾਤਰ ਚੀਜ਼ਾਂ ਅੱਗੇ ਵਧਦੀਆਂ ਹਨ ਤਾਂ ਦਿਨ ਹਾਸਾ ਭਰਿਆ ਹੋ ਸਕਦਾ ਹੈ ਜਿਵੇਂ ਤੁਸੀ ਚਾਹੁੰਦੇ ਹੋ। ਮਹਿਲਾਵਾਂ ਸ਼ੁੱਕਰ ਅਤੇ ਪੁਰਸ਼ ਮੰਗਲ ਗ੍ਰਹਿ ਦੇ ਰਹਿਣ ਵਾਲੇ ਹਨ ਪਰੰਤੂ ਅੱਜ ਦੇ ਦਿਨ ਸ਼ੁੱਕਰ ਅਤੇ ਮੰਗਲ ਇਕ ਦੂਸਰੇ ਵਿਚ ਘੁਲ ਜਾਣਗੇ।

**ਬ੍ਰਿਸ਼ਭ:** ਸਿਹਤ ਨੂੰ ਲੈ ਕੇ ਜ਼ਿਆਦਾਂ ਦੇਖਭਾਲ ਦੀ ਜ਼ਰੂਰਤ ਹੈ। ਕੁਝ ਖਰੀਦਣ ਤੋਂ ਪਹਿਲਾਂ ਉਨਾਂ ਚੀਜਾਂ ਦਾ ਇਸਤੇਮਾਲ ਕਰੋ ਜੋ ਪਹਿਲਾਂ ਤੋਂ ਤੁਹਾਡੇ ਕੋਲ ਹਨ। ਸ਼ਾਮ ਦੀ ਜ਼ਿਆਦਾਤਰ ਸਮਾਂ ਰਿਸ਼ਤੇਦਾਰਾਂ ਦੇ ਨਾਲ ਗੁਜ਼ਰੇਗਾ। ਅੱਜ ਤੁਸੀ ਆਪਣੇ ਮਹਿਬੂਬ ਨਾਲ ਚਾਰੇ ਪਾਸੇ ਖੁਦ ਨੂੰ ਆਪਣੇ ਪਿਆਰੇ ਦਾ ਪਿਆਰ ਮਹਿਸੂਸ ਕਰੋਂਗੇ। ਇਹ ਦਿਨ ਪਿਆਰਾ ਖੂਬਸੂਰਤ ਰਹੇਗਾ। ਤੁਸੀ ਕਾਮਯਾਬੀ ਜ਼ਰੂਰ ਹਾਸਿਲ ਕਰੋਂਗੇ ਬਸ ਸਮੇਂ ਸਮੇਂ ਤੇ ਕੁਝ ਮਹੱਤਵਪੂਰਨ ਕਦਮ ਉਠਾਉਣ ਦੀ ਲੋੜ ਹੈ। ਜਿਹੜੇ ਲੋਕਾਂ ਦੇ ਪਰਿਵਾਰ ਸ਼ਿਕਾਇਤ ਕਰਦੇ ਹਨ ਕਿ ਉਹ ਪਰਿਵਾਰ ਨੂੰ ਸਹੀ ਸਮਾਂ ਨਹੀਂ ਦੇ ਪਾਉਂਦੇ ਉਹ ਅੱਜ ਪਰਿਵਾਰ ਨੂੰ ਸਮਾਂ ਦੇਣ ਦੇ ਬਾਰੇ ਸੋਚ ਸਕਦੇ ਹਨ ਪਰੰਤੂ ਅਚਾਨਕ ਕਿਸੇ ਕੰਮ ਦੇ ਆਉਣ ਤੇ ਅਜਿਹਾ ਨਹੀਂ ਹੋ ਸਕੇਗਾ। ਅੱਜ ਜੀਵਨਸਾਥੀ ਦੀ ਮਾਸੂਮੀਅਤ ਤੁਹਾਡੇ ਦਿਨ ਨੂੰ ਖਾਸ ਬਣਾ ਸਕਦੀ ਹੈ।

**ਮਿਥੁਨ:** ਸਰੀਰਕ ਅਤੇ ਮਾਨਸਿਕ ਬਿਮਾਰੀ ਦੀ ਜੜ ਦੁੱਖ ਹੋ ਸਕਦਾ ਹੈ। ਸੱਟੇਬਾਜ਼ੀ ਨਾਲ ਕਾਫੀ ਲਾਭ ਹੋ ਸਕਦਾ ਹੈ। ਅੱਜ ਦੇ ਦਿਨ ਬਿਨਾ ਕੁਝ ਖਾਸ ਕੀਤੇ ਤੁਸੀ ਆਸਾਨੀ ਨਾਲ ਲੋਕਾਂ ਦਾ ਧਿਆਨ ਆਪਣੀ ਤਰਫ ਅਤੇ ਆਕਰਸ਼ਿਤ ਕਰਨ ਵਿਚ ਕਾਮਯਾਬ ਰਹੋਂਗੇ। ਤੁਹਾਡਾ ਮਹਿਬੂਬ ਸਾਰਾ ਦਿਨ ਤੁਹਾਨੂੰ ਬੁਰੀ ਤਰਾਂ ਨਾਲ ਯਾਦ ਕਰ ਕਰ ਰਿਹਾ ਹੈ ਇਕ ਯੋਜਨਾ ਬਣਾਉ ਅਤੇ ਇਸ ਨੂੰ ਆਪਣੇ ਜੀਵਨ ਦਾ ਇਕ ਵਧੀਆ ਦਿਨ ਬਣਾਉ। ਤੁਹਾਡੇ ਆਤਮਵਿਸ਼ਵਾਸ਼ ਵਿਚ ਵਾਧਾ ਹੋ ਰਿਹਾ ਹੈ ਅਤੇ ਤਰੱਕੀ ਸਾਫ ਨਜ਼ਰ ਆ ਰਹੀ ਹੈ। ਅੱਜ ਰਾਤ ਜੀਵਨ ਸਾਥੀ ਦੇ ਨਾਲ ਖਾਲੀ ਸਮਾਂ ਬਿਤਾਉਦੇ ਹੋਏ ਤੁਹਾਨੂੰ ਲੱਗੇਗਾ ਕਿ ਤੁਹਾਨੂੰ ਉਨਾਂ ਨੂੰ ਹੋਰ ਵੀ ਸਮਾਂ ਦੇਣ ਚਾਹੀਦਾ ਹੈ। ਅੱਜ ਜੀਵਨਸਾਥੀ ਤੋਂ ਤੁਹਾਨੂੰ ਕੁਝ ਅਜਿਹਾ ਮਿਲ ਸਕਦਾ ਹੈ ਜਿਸ ਨਾਲ ਤੁਹਾਡਾ ਸਾਰਾ ਦਿਨ ਖੁਸ਼ਗਵਾਰ ਗੁਜ਼ਰੇਗਾ।



**ਕਰਕ:** ਕੰਮ ਦੇ ਸਥਾਨ ਤੇ ਉੱਚੇ ਅਧਿਕਾਰੀਆਂ ਦੇ ਦਬਾਅ ਅਤੇ ਅਨਬਣ ਦੇ ਟਲਦੇ ਸਮੇਂ, ਤੁਹਾਨੂੰ ਦਿੱਕਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜੋ ਕੰਮ ਤੁਹਾਡੀ ਇਕਾਗਰਤਾ ਨੂੰ ਠੱਪ ਕਰ ਦੇਵੇਗਾ। ਅੱਜ ਤੁਹਾਨੂੰ ਕਿਸੇ ਅਗਿਆਤ ਸਰੋਤ ਤੋਂ ਪੈਸਾ ਪ੍ਰਪਾਤ ਹੋ ਸਕਦਾ ਹੈ ਜਿਸ ਨਾਲ ਤੁਹਾਡੀਆਂ ਕਈਂ ਆਰਥਿਕ ਮੁਸ਼ਕਿਲਾਂ ਦੂਰ ਹੋ ਜਾਣਗੀਆਂ। ਪੁਰਾਣੇ ਸੰਪਰਕਾਂ ਨੂੰ ਮਿਲਣ ਜੁਲਣ ਅਤੇ ਪੁਰਾਣੇ ਰਿਸ਼ਤਿਆਂ ਨੂੰ ਤਰੋਤਾਜ਼ਾ ਕਰਨ ਲਈ ਵਧੀਆ ਦਿਨ ਹੈ। ਤੁਹਾਨੂੰ ਆਪਣੀ ਤਰਫ ਤੋਂ ਸਭ ਬੇਹਤਰ ਤਰੀਕੇ ਨਾਲ ਵਿਵਹਾਰ ਕਰਨ ਦੀ ਲੋੜ ਹੈ ਕਿਉਂ ਕਿ ਅੱਜ ਤੁਹਾਡਾ ਪ੍ਰੇਮੀ ਜਲਦ ਹੀ ਨਾਰਾਜ ਹੋ ਸਕਦਾ ਹੈ। ਪੱਤਰ ਵਿਹਾਰ ਦੇ ਬੈਕਲਾਗ ਨੂੰ ਉੱਚ ਤਰਜੀਹ ਦੀ ਲੋੜ ਹੈ । ਇਸ ਰਾਸ਼ੀ ਚਿੰਨ੍ਹ ਵਾਲਿਆਂ ਨੂੰ ਅੱਜ ਖੁਦ ਦੇ ਲਈ ਕਾਫੀ ਸਮਾਂ ਮਿਲੇਗਾ ਇਸ ਸਮੇਂ ਦਾ ਉਪਯੋਗ ਤੁਸੀ ਆਪਣੇ ਸ਼ੌਂਕ ਨੂੰ ਪੂਰਾ ਕਰਨ ਦੇ ਲਈ ਜਿਵੇਂ ਕਿਤਾਬ ਪੜ੍ਹਨੀ ਜਾਂ ਪਸੰਦੀਦਾ ਸੰਗੀਤ ਸੁਣਨਾ। ਅੱਜ ਤੁਹਾਨੂੰ ਆਪਣੇ ਜੀਵਨਸਾਥੀ ਦਾ ਸਖਤ ਅਤੇ ਰੁਖੇ ਪਹਿਲੂ ਦਾ ਅਨੁਭਵ ਹੋ ਸਕਦਾ ਹੈ ਜਿਸਦੇ ਚਲਦੇ ਤੁਸੀ ਅਸਿਹਜ ਮਹਿਸੂਸ ਕਰੋਂਗੇ।

**ਸਿੰਘ:** ਅੱਜ ਦੇ ਦਿਨ ਜੋ ਭਾਵੁਕ ਮਿਜਾਜ ਤੁਹਾਡੇ ਉੱਪਰ ਛਾਇਆ ਹੋਇਆ ਹੈ ਉਸ ਤੋਂ ਨਿਕਲਣ ਲਈ ਬੀਤੀ ਗੱਲਾਂ ਨੂੰ ਦਿਲ ਵਿਚੋ ਕੱਢ ਦਿਉ। ਗਹਿਣੇ ਅਤੇ ਪੁਰਾਣੀਆਂ ਚੀਜਾਂ ਵਿਚ ਨਿਵੇਸ਼ ਲਾਭਦਾਇਕ ਰਹੇਗਾ ਅਤੇ ਸਮ੍ਰਿਧੀ ਲੈ ਕੇ ਆਵੇਗਾ। ਤੁਹਾਡਾ ਗਿਆਨ ਅਤੇ ਵਧੀਆ ਹਾਸਾ ਤੁਹਾਡੇ ਚਾਰੋ ਤਰਫ ਦੇ ਲੋਕਾਂ ਨੂੰ ਪ੍ਰਭਾਵਿਤ ਕਰੇਗਾ। ਆਪਣੇ ਸਾਥੀ ਨਾਲ ਬਾਹਰ ਜਾਂਦੇ ਸਮੇਂ ਠੀਕ ਤਰਾਂ ਨਾਲ ਵਿਵਹਾਰ ਕਰੋ। ਸਾਂਝੇਦਾਰੀ ਦੇ ਉੱਦਮਾਂ ਦੀ ਸ਼ੁਰੂਆਤ ਕਰਨ ਦੇ ਲਈ ਚੰਗਾ ਦਿਨ ਹੈ ਸਾਰਿਆਂ ਲਈ ਲਾਭ ਹੋਣ ਦੀ ਸੰਭਾਵਨਾ ਹੈ ਪਰੰਤੂ ਭਾਗੀਦਾਰਾਂ ਨਾਲ ਹੱਥ ਮਿਲਾਉਣ ਤੋਂ ਪਹਿਲਾਂ ਸੋਚੋ। ਮਹੱਤਵਪੂਰਨ ਕੰਮਾਂ ਨੂੰ ਸਮਾਂ ਨਾ ਦੇਣਾ ਅਤੇ ਫਿਜ਼ੂਲ ਦੀਆਂ ਚੀਜ਼ਾਂ ਤੇ ਸਮਾਂ ਖਰਾਬ ਕਰਨਾ ਅੱਜ ਤੁਹਾਡੇ ਲਈ ਘਾਤਕ ਸਿੱਧ ਹੋ ਸਕਦਾ ਹੈ। ਤੁਹਾਡੇ ਅਤੇ ਤੁਹਾਡੇ ਜੀਵਨ ਸਾਥੀ ਦੇ ਵਿਚਕਾਰ ਕੋਈ ਬਾਹਰੀ ਵਿਅਕਤੀ ਦੂਰੀ ਪੈਦਾ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ ਪਰ ਤੁਸੀ ਦੋਵੇਂ ਸੰਭਾਲ ਲਵੋਂਗੇ।

**ਕੰਨਿਆ:** ਤੁਹਾਡੇ ਘਰਵਾਲੇ ਘਰਵਾਲੀ ਦੀ ਸਿਹਤ ਤਣਾਅ ਅਤੇ ਫਿਕਰ ਦਾ ਕਾਰਨ ਬਣ ਸਕਦੀ ਹੈ। ਅੱਜ ਤੁਹਾਨੂੰ ਕਿਸੇ ਅਗਿਆਤ ਸਰੋਤ ਤੋਂ ਪੈਸਾ ਪ੍ਰਪਾਤ ਹੋ ਸਕਦਾ ਹੈ ਜਿਸ ਨਾਲ ਤੁਹਾਡੀਆਂ ਕਈਂ ਆਰਥਿਕ ਮੁਸ਼ਕਿਲਾਂ ਦੂਰ ਹੋ ਜਾਣਗੀਆਂ। ਘਰੇਲੂ ਜ਼ਿੰਦਗੀ ਸਕੂਨਭਰੀ ਅਤੇ ਹਾਸੀਭਰੀ ਰਹੇਗੀ। ਰੋਮਾਂਸ ਤੁਹਾਡੇ ਰਸਤੇ ਤੱਕ ਆਉਂਦਾ ਹੈ ਜਦੋਂ ਦੋਸਤੀ ਡੂੰਘਾ ਮੋੜ ਲੈਂਦੀ ਹੈ। ਅੱਜ ਦਾ ਦਿਨ ਵਧੀਆ ਪ੍ਰਦਰਸ਼ਨ ਅਤੇ ਖਾਸ ਕੰਮਾਂ ਦੇ ਲਈ ਹੈ । ਕੁਝ ਲੋਕਾਂ ਦੇ ਲਈ ਅਣਇੱਛਤ ਯਾਤਰਾ ਭੱਜ ਦੌੜ ਭਰੀ ਅਤੇ ਤਣਾਅਪੂਰਨ ਹੋ ਸਕਦੀ ਹੈ। ਲੰਬੇ ਸਮੇਂ ਦੇ ਬਾਅਦ ਜੀਵਨਸਾਥੀ ਦੇ ਨਾਲ ਕਾਫੀ ਵਧੀਆ ਸਮਾਂ ਬਿਤਾਉਣ ਦਾ ਮੌਕਾ ਮਿਲ ਸਕਦਾ ਹੈ।

**ਤੁਲਾ:** ਅੱਖਾਂ ਦੇ ਮਰੀਜ਼ ਪ੍ਰਦੂਸ਼ਿਤ ਜਗ੍ਹਾਂ ਤੇ ਜਾਣ ਤੋਂ ਬਚੋ, ਕਿਉਂ ਕਿ ਧੂਆਂ ਤੁਹਾਡੀ ਅੱਖਾਂ ਨੂੰ ਹੋਰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਸੰਭਵ ਹੋਵੇ ਤਾਂ ਸੂਰਜ ਦੀ ਤੇਜ਼ ਰੋਸ਼ਨੀ ਤੋਂ ਬਚੋ। ਅੱਜ ਘਰ ਤੋਂ ਵੱਡਿਆਂ ਦਾ ਆਸ਼ਿਰਵਾਦ ਲੈ ਕੇ ਨਿਕਲੋਗੇ ਤਾਂ ਇਸ ਨਾਲ ਤੁਹਾਨੂੰ ਲਾਭ ਪ੍ਰਾਪਤ ਹੋਵੇਗਾ। ਅੱਜ ਤੁਹਾਨੂੰ ਦੂਜਿਆਂ ਦੀ ਲੋੜ ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਹਾਲਾਂਕਿ ਬੱਚਿਆਂ ਨੂੰ ਜ਼ਿਆਦਾ ਛੂਟ ਦੇਣਾ ਤੁਹਾਡੇ ਲਈ ਸਮੱਸਿਆ ਖੜੀ ਕਰ ਸਕਦਾ ਹੈ। ਤੁਸੀ ਰੋਮਾਂਟਿਕ ਖਿਆਲਾਂ ਅਤੇ ਸੁਪਨਿਆਂ ਦੀ ਦੁਨੀਆ ਵਿਚ ਲੀਨ ਹੋ ਸਕਦੇ ਹੋ। ਅੱਜ ਤੁਸੀ ਕੰਮ ਕਾਰ ਵਿਚ ਹਰ ਪਾਸੇ ਹੱਥ ਰੱਖ ਸਕਦੇ ਹੋ। ਦੂਸਰਿਆਂ ਨੂੰ ਇਹ ਦੱਸਣ ਉਤਸਕ ਨਾ ਹੋਵੋ ਕਿ ਤੁਸੀ ਅੱਜ ਕਿਵੇਂ ਮਹਿਸੂਸ ਕਰ ਰਹੇ ਹੋ। ਅੱਜ ਤੁਹਾਡਾ ਜੀਵਨਸਾਥੀ ਤੁਹਾਡੇ ਸਾਰੇ ਚੰਗੇ ਗੁਣਾ ਦੀ ਪ੍ਰਸੰਸਾ ਕਰਨ ਅਤੇ ਤੁਹਾਡੇ ਦੁਬਾਰਾ ਡਿੱਗੇ ਦੀ ਕਦਰ ਕਰੇਗਾ।

**ਬ੍ਰਿਸ਼ਚਕ:** ਕਿਸਮਤ ਤੇ ਨਿਰਭਰ ਨਾ ਰਹੋ ਅਤੇ ਆਪਣੀ ਸਿਹਤ ਨੂੰ ਸੁਧਾਰਨ ਦੀ ਕੋਸ਼ਿਸ਼ ਕਰੋ ਕਿਉਂ ਕਿ ਕਿਸਮਤ ਖੁਦ ਬਹੁਤ ਆਲਸੀ ਹੁੰਦੀ ਹੈ। ਅੱਜ ਅਦਾਲਤ ਦਾ ਫੈਂਸਲਾ ਤੁਹਾਡੇ ਹੱਕ ਵਿਚ ਆ ਸਕਦਾ ਹੈ ਜੇਕਰ ਤੁਸੀ ਪੈਸਿਆਂ ਨਾਲ ਜੁੜੇ ਮਾਮਲਿਆਂ ਵਿਚ ਸ਼ਾਮਿਲ ਹੁੰਦੇ ਹੋ ਇਸ ਨਾਲ ਤੁਹਾਨੂੰ ਆਰਥਿਕ ਲਾਭ ਹੋਵੇਗਾ। ਇਕ ਦੂਜੇ ਦਾ ਨਜ਼ਰੀਆਂ ਸਮਝਕੇ ਵਿਅਕਤੀਗਤ ਸਮੱਸਿਆ ਸੁਲਝਾਉ ਇਸ ਨੂੰ ਹੋਰਾਂ ਦੇ ਲਈ ਲਾਵੋ ਨਹੀਂ ਤਾਂ ਬਦਨਾਮੀ ਹੋ ਸਕਦੀ ਹੈ। ਹਕੀਕਤ ਦਾ ਸਾਹਮਣਾ ਕਰਨ ਦੇ ਲਈ ਤੁਹਾਨੂੰ ਆਪਣੇ ਪ੍ਰੇਮੀ ਨੂੰ ਕੁਝ ਵਕਤ ਲਈ ਭੁੱਲਣਾ ਪਵੇਗਾ। ਸਾਂਝੀਦਾਰੀ ਅਤੇ ਜੁੜੇ ਉੱਦਮਾਂ ਤੋਂ ਦੂਰ ਰਹੋ। ਅੱਜ ਜੀਵਨ ਦੇ ਕਈਂ ਅਹਿਮ ਮਸਲਿਆਂ ਤੇ ਅਤੇ ਘਰ ਵਾਲਿਆਂ ਦੇ ਨਾਲ ਬੈਠ ਕੇ ਗੱਲਬਾਤ ਕਰ ਸਕਦੇ ਹੋ ਤੁਹਾਡੇ ਸ਼ਬਦ ਘਰਵਾਲਿਆਂ ਨੂੰ ਪਰੇਸ਼ਾਨ ਕਰ ਸਕਦੇ ਹਨ ਪਰੰਤੂ ਇਨਾਂ ਗੱਲਾਂ ਦਾ ਹੱਲ ਨਿਕਲ ਸਕਦਾ ਹੈ। ਅੱਜ ਤੁਹਾਡਾ ਜੀਵਨਸਾਥੀ ਤੁਹਾਡੇ ਲਈ ਜ਼ਿਆਦਾ ਸਮਾਂ ਨਹੀਂ ਕੱਢ ਸਕਦਾ ਹੈ।

**ਧਨੂੰ :** ਅੱਜ ਤੁਸੀ ਬਹੁਤ ਸਰਗਰਮ ਅਤੇ ਚੁਸਤ ਰਹੋਂਗੇ ਤੁਹਾਡੀ ਸਿਹਤ ਤੁਹਾਡਾ ਪੂਰਾ ਸਾਥ ਦੇਵੇਗੀ ਅੱਜ ਤੁਹਾਡਾ ਪੈਸਾ ਕਈਂ ਚੀਜਾਂ ਤੇ ਖਰਚ ਹੋ ਸਕਦਾ ਹੈ ਤੁਹਾਨੂੰ ਅੱਜ ਚੰਗਾ ਬਜਟ ਯੋਜਨਾ ਬਣਾਉਣ ਦੀ ਲੋੜ ਹੈ ਇਸ ਨਾਲ ਤੁਹਾਡੀਆਂ ਕਈਂ ਮੁਸ਼ਕਿਲਾਂ ਦੂਰ ਹੋ ਸਕਦੀਆਂ ਹਨ। ਤੁਹਾਨੂੰ ਬੱਚਿਆਂ ਜਾਂ ਉਨਾਂ ਨਾਲ ਸਬਰ ਰੱਖਣ ਦੀ ਲੋੜ ਹੈ ਜੋ ਤੁਹਾਡੇ ਨਾਲੋਂ ਘੱਟ ਤਜ਼ਰਬੇਕਾਰ ਗਨ। ਸੈਰ ਸਪਾਟੇ ਤੇ ਜਾਣ ਦੀ ਯੋਜਨਾ ਬਣ ਸਕਦੀ ਹੈ ਜੋ ਤੁਹਾਨੂੰ ਉਰਜਾ ਅਤੇ ਉਤਸ਼ਾਹ ਨਾਲ ਤਰੋਤਾਜਾ ਰੱਖੇਗਾ। ਆਪਣੇ ਆਪ ਨੂੰ ਧੋਖਾ ਦੇਣ ਤੋਂ ਬਚਾਉਣ ਲਈ ਕਾਰੋਬਾਰ ਵਿਚ ਚੌਕਸੀ ਰੱਖੋ। ਕੁਝ ਵੀ ਅਸੰਭਵ ਨਹੀਂ ਹੈ ਜੇਕਰ ਤੁਹਾਡੇ ਕੋਲ ਹਾਲਾਤ ਨਾਲ ਉੱਭਰਨ ਦੀ ਇੱਛਾ ਸ਼ਕਤੀ ਨਹੀਂ ਹੈ। ਤੁਸੀ ਅੱਜ ਆਪਣੀ ਵਿਆਹੁਤਾ ਜ਼ਿੰਦਗੀ ਦਾ ਸਾਰਿਆਂ ਤੋਂ ਵਧੀਆ ਦਿਨ ਮਹਿਸੂਸ ਕਰੋਂਗੇ।

**ਮਕਰ:** ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਦੀ ਜ਼ਰੂਰਤ ਹੈ। ਪਰਿਵਾਰ ਦੇ ਕਿਸੇ ਮੈਂਬਰ ਦੇ ਬਿਮਾਰ ਹੋਣ ਦੀ ਵਜਾਹ ਤੋਂ ਤੁਹਾਨੂੰ ਆਰਥਿਕ ਮੁਸ਼ਕਿਲ ਆ ਸਕਦੀ ਹੈ ਹਾਲਾਂ ਕਿ ਇਸ ਵਕਤ ਤੁਹਾਨੂੰ ਧੰਨ ਤੋਂ ਜਿਆਦਾ ਉਨਾਂ ਦੀ ਸਿਹਤ ਦੀ ਚਿੰਤਾ ਕਰਨੀ ਚਾਹੀਦੀ ਹੈ। ਛੋਟੇ ਬੱਚੇ ਤੁਹਾਨੂੰ ਵਿਅਸਤ ਰੱਖਣਗੇ ਅਤੇ ਸਕੂਨ ਦੇਣਗੇ । ਪਿਆਰ ਦੇ ਮਾਮਲਿਆਂ ਵਿਚ ਦਬਾਅ ਬਣਾਉਣ ਦੀ ਕੋਸ਼ਿਸ਼ ਨਾ ਕਰੋ। ਤੁਹਾਡੇ ਆਤਮਵਿਸ਼ਵਾਸ਼ ਵਿਚ ਵਾਧਾ ਹੋ ਰਿਹਾ ਹੈ ਅਤੇ ਤਰੱਕੀ ਸਾਫ ਨਜ਼ਰ ਆ ਰਹੀ ਹੈ। ਜੇਕਰ ਤੁਸੀ ਯਾਤਰਾ ਕਰਨ ਜਾ ਰਹੇ ਹੋ ਤਾਂ ਸਾਰੇ ਜ਼ਰੂਰੀ ਦਸਤਾਵੇਜ਼ ਨਾਲ ਰੱਖਣਾ ਨਾਲ ਭੁੱਲੋ। ਵਿਆਹੁਤ ਜੀਵਨ ਵਿਚ ਤੁਸੀ ਕੁਝ ਨਿਜਤਾ ਮਹਿਸੂਸ ਕਰ ਸਕਦੇ ਹੋ।

**ਕੁੰਭ:** ਅਣਚਾਹੇ ਵਿਚਾਰ ਦਿਮਾਗ ਵਿਚ ਆ ਸਕਦੇ ਹਨ ਖੁਦ ਨੂੰ ਸਰੀਰਕ ਤਦੰਰੁਸਤੀ ਦਾ ਆਨੰਦ ਲੈਣ ਦਿਉ ਕਿਉਂ ਕਿ ਖਾਲੀ ਦਿਮਾਗ ਸ਼ੈਤਾਨ ਦਾ ਘਰ ਹੈ। ਮਾਤਾ ਪਿਤਾ ਦੀ ਮਦਦ ਨਾਲ ਤੁਸੀ ਆਰਥਿਕ ਤੰਗੀ ਤੋਂ ਬਾਹਰ ਨਿਕਲਣ ਵਿਚ ਕਾਮਯਾਬ ਰਹੋਂਗੇਂ। ਛੋਟੇ ਬੱਚੇ ਤੁਹਾਨੂੰ ਵਿਅਸਤ ਰੱਖਣਗੇ ਅਤੇ ਸਕੂਨ ਦੇਣਗੇ । ਅੱਜ ਤੁਸੀ ਪ੍ਰੇਮ ਭਾਵ ਦੇ ਰੂਪ ਵਿਚ ਹੋਵੋਂਗੇ ਇਸ ਲਈ ਆਪਣੇ ਪਿਆਰ ਦੇ ਨਾਲ ਕੁਝ ਚੰਗਾ ਸਮਾਂ ਬਿਤਾਉਣ ਦੀ ਯੋਜਨਾ ਬਣਾਉ। ਜੇਕਰ ਤੁਸੀ ਆਪਣੇ ਦਿਮਾਗ ਦੇ ਦਰਵਾਜ਼ੇ ਖੁੱਲੇ ਰੱਖੋਂ ਤਾਂ ਕਈਂ ਚੰਗੇ ਮੌਕੇ ਤੁਹਾਨੂੰ ਮਿਲ ਸਕਦੇ ਹਨ। ਇਸ ਰਾਸ਼ੀ ਦੇ ਚਿੰਨ੍ਹ ਅੱਜ ਦੇ ਦਿਨ ਆਪਣੇ ਭੈਣ ਭਰਾ ਦੇ ਨਾਲ ਘਰ ਵਿਚ ਕੋਈ ਫਿਲਮ ਜਾਂ ਮੈਚ ਦੇਖ ਸਕਦੇ ਹਨ ਅਜਿਹਾ ਕਰਕੇ ਤੁਸੀ ਲੋਕਾਂ ਦੇ ਪਿਆਰ ਵਿਚ ਵਾਧਾ ਵੀ ਕਰ ਸਕਦੇ ਹੋਂ। ਤੁਹਾਡਾ ਜੀਵਨਸਾਥੀ ਅੱਜ ਤੁਹਾਡੇ ਲਈ ਕੁਝ ਖਾਸ ਕਰਨ ਵਾਲਾ ਹੋ ਸਕਦਾ ਹੈ।

**ਮੀਨ:** ਤੁਹਾਨੂੰ ਕੋਈ ਗਲਤ ਜਾਣਕਾਰੀ ਮਿਲ ਸਕਦੀ ਹੈ ਜਿਸਦੇ ਚੱਲਦੇ ਤੁਸੀ ਮਾਨਸਿਕ ਦਬਾਅ ਦਾ ਸ਼ਿਕਾਰ ਹੋ ਸਕਦੇ ਹੋ। ਦਿਨ ਚੜ੍ਹਨ ਤੋਂ ਬਾਅਦ ਆਰਥਿਕ ਤੌਰ ਤੇ ਸੁਧਾਰ ਆਵੇਗਾ। ਸ਼ਾਮ ਨੂੰ ਦੋਸਤਾਂ ਨਾਲ ਘੁੰਮੋ ਫਿਰੋ ਕਿਉਂ ਕਿ ਇਹ ਤੁਹਾਡੇ ਲਈ ਬਹੁਤ ਜ਼ਰੂਰੀ ਹੈ। ਤੁਸੀ ਪਿਆਰ ਦੇ ਦਰਦ ਦਾ ਦੁੱਖ ਅਨੁਭਵ ਕਰ ਸਕਦੇ ਹੋ। ਆਪਣੇ ਬੌਸ ਦੇ ਹਵਾਲੇ ਮਹੱਤਵਪੂਰਨ ਫਾਈਲਾਂ ਨਾ ਕਰੋ ਜਦੋਂ ਤੱਕ ਤੁਹਾਨੂੰ ਕਲੀਅਰ ਨਹੀਂ ਹੁੰਦਾ ਕਿ ਉਹ ਸੰਪੂਰਨ ਹਨ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਸ਼ਰਾਬ ਜਾਂ ਸਿਗਰੇਟ ਤੋਂ ਦੂਰ ਰਹਿਣ ਦੀ ਲੋੜ ਹੈ ਕਿਉਂ ਕਿ ਇਸ ਨਾਲ ਤੁਹਾਡਾ ਕੀਮਤੀ ਸਮਾਂ ਬਰਬਾਦ ਹੋ ਸਕਦਾ ਹੈ। ਅੱਜ ਚੀਜਾਂ ਤੁਹਾਡੀ ਇੱਛਾ ਦੇ ਮੁਤਾਬਿਕ ਨਹੀਂ ਚੱਲਣਗੀਆਂ, ਪਰੰਤੂ ਤੁਹਾਡੇ ਪਿਆਰੇ ਦੇ ਨਾਲ ਤੁਹਾਡਾ ਚੰਗਾ ਸਮਾਂ ਗੁਜ਼ਰੇਗਾ।

# ਨਾਯਾਬ ਫ਼ਨਕਾਰਾ ਮਧੂਬਾਲਾ



ਭਾਰਤੀ ਫਿਲਮ ਜਗਤ ਦੀ ਵੀਨਸ ਕਹਾਉਣ ਵਾਲੀ ਅਭਿਨੇਤਰੀ ਮਧੂਬਾਲਾ ਨਾਯਾਬ ਫ਼ਨਕਾਰਾ ਸੀ। ਉਹ ਆਪਣੀ ਕਲਾ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਸ਼ਖ਼ਸੀਅਤ ਸੀ। ਮਧੂਬਾਲਾ ਜਿਸ ਜ਼ਮਾਨੇ ਵਿੱਚ ਅਭਿਨੇਤਰੀ ਬਣ ਕੇ ਉੱਭਰੀ, ਉਹ ਜ਼ਾਬਤੇ ਅਤੇ ਕਬਜ਼ੇ ਦਾ, ਟੱਬਰ ਵੱਲ ਵਫ਼ਾਦਾਰੀ ਦਾ ਅਤੇ ਬੱਚਿਆਂ ਉਤੇ ਮਾਂ-ਬਾਪ ਦੀ ਸਰਦਾਰੀ ਦਾ ਜ਼ਮਾਨਾ ਸੀ। ਫਿਲਮਾਂ 'ਚ ਕੰਮ ਕਰਨ ਵਾਲੇ ਬਾਲ ਕਲਾਕਾਰ ਅਤੇ ਜਵਾਨ ਲੜਕੀਆਂ ਪਰਿਵਾਰ ਦੀ ਰੋਜ਼ੀ ਰੋਟੀ ਦੀ ਜ਼ਿੰਮੇਵਾਰੀ ਨਿਭਾਉਂਦੇ ਸਨ, ਫਿਰ ਵੀ ਮਾਪਿਆਂ ਦੀ ਮਲਕੀਅਤ ਹੁੰਦੇ ਸਨ। ਮਧੂਬਾਲਾ, ਕਾਮਿਨੀ ਕੌਸ਼ਲ, ਸੁਰੱਈਆ, ਨੂਤਨ, ਮੀਨਾ ਕੁਮਾਰੀ, ਡੇਜ਼ੀ ਅਤੇ ਹਨੀ ਈਰਾਨੀ, ਬੇਬੀ ਨਾਜ਼ ਅਤੇ ਨਰਤਕੀ ਕੁੱਕੂ ਵਰਗੀਆਂ ਕਈ ਕਲਾਕਾਰਾਂ ਦਾ ਉਨ੍ਹਾਂ ਦੇ ਆਪਣਿਆਂ ਦੁਆਰਾ ਆਰਥਿਕ ਅਤੇ ਭਾਵਨਾਤਮਕ ਸ਼ੋਸ਼ਣ ਹੁੰਦਾ ਰਿਹਾ, ਪਰ ਇਸ ਨੂੰ ਨਾਜਾਇਜ਼ ਨਹੀਂ ਸਮਝਿਆ ਜਾਂਦਾ ਸੀ। ਨਾ ਹੀ ਕੋਈ ਇਸ ਦਾ ਵਿਰੋਧ ਕਰਦਾ ਸੀ।

ਮਧੂਬਾਲਾ ਨੇ ਤਾਂ ਇਹ ਸ਼ਰਤ ਆਪਣੇ ਆਖ਼ਰੀ ਸਾਹ ਤੱਕ ਪੁਗਾਈ ਕਿ ਉਹ ਸਿਰਫ਼ ਆਪਣੇ ਬਾਪ (ਅੱਤਾਉੱਲਾ ਖ਼ਾਨ) ਅਤੇ ਪਰਿਵਾਰ ਲਈ ਹੀ ਕੰਮ ਕਰੇਗੀ। ਇੱਥੋਂ ਤੱਕ ਕਿ ਪਰਿਵਾਰ ਲਈ ਵਫ਼ਾਦਾਰੀ ਤੋਂ ਉਸ ਨੇ ਆਪਣੀ ਮੁਹੱਬਤ ਤੱਕ ਕੁਰਬਾਨ ਕਰ ਦਿੱਤੀ। ਇਹ ਵੱਖਰੀ ਗੱਲ ਹੈ ਕਿ ਉਸ ਨੇ ਜਾਂ ਉਸ ਦੇ ਮਹਿਬੂਬ ਨੇ ਕਦੇ ਵੀ ਇੱਕ-ਦੂਸਰੇ ਪ੍ਰਤੀ ਗਿਲਾ ਜ਼ਾਹਿਰ ਨਹੀਂ ਕੀਤਾ। ਉਨ੍ਹਾਂ ਨੂੰ ਇੱਕ-ਦੂਜੇ ਨਾਲ ਸੱਚਾ ਪਿਆਰ ਸੀ ਜੋ ਦੁਨੀਆਦਾਰੀ ਦੇ ਤਕਾਜ਼ਿਆਂ ਨਾਲ ਉਲਝਣ ਦੀ ਥਾਂ ਆਪਣੇ ਸੱਚੇ-ਸੁੱਚੇਪਣ ਨੂੰ ਬਰਕਰਾਰ ਰੱਖਦਿਆਂ ਦਿਲਾਂ ਅੰਦਰ ਹੀ ਦੱਬਿਆ ਰਿਹਾ।

ਮਧੂਬਾਲਾ ਦਾ ਜਨਮ 14 ਫਿਰਵਰੀ 1933 ਨੂੰ ਹੋਇਆ। ਅੱਜ ਦੀ ਦੁਨੀਆ ਵਿੱਚ ਪਿਆਰ ਦਿਹਾੜਾ (ਵੈਲੇਨਟਾਈਨ ਡੇ) ਵਜੋਂ ਜਾਣੇ ਜਾਂਦੇ ਦਿਨ ਨੂੰ ਜਨਮ ਲੈਣ ਵਾਲੀ ਮਧੂਬਾਲਾ ਦਾ ਪਿਆਰ ਸੱਚਾ ਹੋ ਕੇ ਵੀ ਅਧੂਰਾ ਰਿਹਾ ਅਤੇ ਤੋੜ ਨਾ ਚੜ੍ਹਿਆ। ਉਸ ਦੇ ਫਿਲਮੀ ਜੀਵਨ ਦੀ ਸ਼ੁਰੂਆਤ ਫਿਲਮ 'ਬਸੰਤ' (1942) ਤੋਂ ਬਾਲ ਕਲਾਕਾਰ ਵਜੋਂ ਹੋਈ। 1949 ਵਿੱਚ ਕਮਾਲ ਅਮਰੋਹੀ ਦੀ ਫਿਲਮ 'ਮਹਿਲ' ਤੋਂ ਉਸ ਦੇ ਅਭਿਨੇਤਰੀ ਵਜੋਂ ਚੜ੍ਹਤ ਦਾ ਦੌਰ ਸ਼ੁਰੂ ਹੋਇਆ। 1951 ਵਿੱਚ ਦਿਲੀਪ ਕੁਮਾਰ ਨਾਲ ਫਿਲਮ 'ਤਰਾਨਾ' ਵਿੱਚ ਕੰਮ ਕਰਨ ਦੇ ਨਾਲ ਹੀ ਮਧੂਬਾਲਾ ਨੇ ਅਸ਼ੋਕ ਕੁਮਾਰ, ਦੇਵ ਆਨੰਦ, ਰਾਜ ਕਪੂਰ, ਗੁਰੂ ਦੱਤ, ਸੁਨੀਲ ਦੱਤ, ਕਿਸ਼ੋਰ ਕੁਮਾਰ, ਭਾਰਤ ਭੂਸ਼ਣ ਆਦਿ ਸਭ ਵੱਡੇ ਅਦਾਕਾਰਾਂ ਨਾਲ ਕੰਮ ਕੀਤਾ।

ਮਧੂਬਾਲਾ ਪਠਾਨ ਪਰਿਵਾਰ ਵਿੱਚੋਂ ਸੀ। ਉਹ ਪੰਜ ਭੈਣਾਂ ਅਤੇ ਤਿੰਨ ਭਾਈਆਂ ਵਿੱਚੋਂ ਤੀਜੇ ਨੰਬਰ 'ਤੇ ਪੈਦਾ ਹੋਈ। ਉਹ ਅੰਤਾਂ ਦੀ ਸੋਹਣੀ ਅਤੇ ਬੇਹੱਦ ਪ੍ਰਤਿਭਾਵਾਨ ਸੀ। ਉਸ ਦੀ ਸੁੰਦਰਤਾ ਅਤੇ ਕੰਮ ਨੂੰ ਵੇਖ ਕੇ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਸੀ ਕਿ ਉਸ ਨੂੰ ਦਿਲ ਦੀ ਬਿਮਾਰੀ ਹੈ। ਉਹ ਦਿਲ ਵਿੱਚ ਛੇਦ ਹੋਣ ਦੀ ਬਿਮਾਰੀ ਲੈ ਕੇ ਪੈਦਾ ਹੋਈ ਸੀ ਅਤੇ ਇਸ ਬਿਮਾਰੀ ਕਾਰਨ ਹੀ ਸਿਰਫ਼ 36 ਵਰ੍ਹਿਆਂ ਤੱਕ ਜਿਉਂਦੀ ਰਹਿ ਸਕੀ। 36 ਵਰ੍ਹਿਆਂ ਦੀ ਛੋਟੀ ਜਿਹੀ ਜ਼ਿੰਦਗੀ ਵਿੱਚ ਉਸ ਨੇ 71 ਫਿਲਮਾਂ ਕੀਤੀਆਂ। ਇਨ੍ਹਾਂ ਵਿੱਚੋਂ 7 ਫਿਲਮਾਂ ਬਤੌਰ ਬਾਲ ਅਦਾਕਾਰ ਕੀਤੀਆਂ।

ਫਿਲਮ 'ਮਹਿਲ' ਉਸ ਦੀ ਫਿਲਮ ਯਾਤਰਾ ਦਾ ਮੀਲ ਪੱਥਰ ਸੀ ਅਤੇ ਫਿਲਮ 'ਮੁਗ਼ਲ-ਏ-ਆਜ਼ਮ' ਉਸ ਦਾ ਸ਼ਾਹਕਾਰ ਸੀ। ਮਧੂਬਾਲਾ ਨੇ ਇਸ ਫਿਲਮ ਵਿੱਚ ਅਣਥਕ ਮਿਹਨਤ ਨਾਲ ਅਭਿਨੈ ਕੀਤਾ। ਉਸ ਨੇ ਅਨਾਰਕਲੀ ਦਾ ਚਰਿੱਤਰ ਤਨ-ਮਨ ਨਾਲ ਜੀਅ ਕੇ ਵਿਖਾਇਆ। ਪੂਰੇ ਅੱਠ ਸਾਲ ਉਹ ਫਿਲਮ ਦੀ ਹੀਰੋਇਨ ਅਨਾਰਕਲੀ ਦੀ ਰੂਹ ਨੂੰ ਸਰੀਰ ਵਿੱਚ ਲਈ ਵਿਚਰਦੀ ਰਹੀ। ਦਿਲੀਪ ਕੁਮਾਰ, ਉਸ ਦਾ ਸਹਿ-ਅਦਾਕਾਰ ਅਤੇ ਫਿਲਮ ਦਾ ਹੀਰੋ ਸੀ। ਫਿਲਮ ਦੇ ਸ਼ੁਰੂ ਹੋਣ ਸਮੇਂ ਮਧੂਬਾਲਾ ਅਤੇ ਦਿਲੀਪ ਇੱਕ-ਦੂਜੇ ਨੂੰ ਅੰਤਾਂ ਦਾ ਪਿਆਰ ਕਰਦੇ ਸਨ, ਪਰ ਫਿਲਮ ਦੇ ਨਿਰਮਾਣ ਦੌਰਾਨ 1956 ਵਿੱਚ 'ਨਯਾ ਦੌਰ' ਵਾਲੇ ਬੀ.ਆਰ. ਚੋਪੜਾ ਨਾਲ ਮਧੂਬਾਲਾ ਦੇ ਪਿਤਾ ਦਾ ਤਕਰਾਰ (ਮੁਕੱਦਮਾ) ਹੋ ਜਾਣ 'ਤੇ ਦਿਲੀਪ ਅਤੇ ਮਧੂਬਾਲਾ ਦੇ ਸਬੰਧ ਬਲੀ ਚੜ੍ਹ ਗਏ। ਫਿਲਮ ਦੇ ਅੰਤਿਮ ਦੌਰ ਵਿੱਚ ਮਧੂਬਾਲਾ ਨੇ ਦਿਲ 'ਤੇ ਪੱਥਰ ਰੱਖ ਕੇ ਦਿਲੀਪ ਕੁਮਾਰ ਨਾਲ ਅਭਿਨੈ ਦਾ ਨਕਾਬ ਪਾਇਆ, ਪਰ ਫਿਲਮ ਦਾ ਕੰਮ ਤਨਦੇਹੀ ਨਾਲ ਨਿਭਾਇਆ। ਦਿਲੀਪ ਨਾਲੋਂ ਤੋੜ ਵਿਛੋੜਾ ਹੋਣ ਮਗਰੋਂ ਉਹ ਆਪਣੀ ਰੂਹ ਉਤੇ ਮਰ ਚੁੱਕੇ ਰਿਸ਼ਤੇ ਦਾ ਬੋਝ ਲੈ ਕੇ ਸ਼ੂਟਿੰਗ ਦੇ ਹਰ ਦਿਨ ਦਿਲੀਪ ਕੁਮਾਰ ਦਾ ਸਾਹਮਣਾ ਕਰਦੀ ਰਹੀ ਅਤੇ ਫਿਲਮ ਵਿਚਲਾ ਕਿਰਦਾਰ ਨਿਭਾਉਂਦੀ ਰਹੀ। ਨਿੱਜੀ ਜੀਵਨ ਵਿੱਚ ਉਸ ਦਾ ਦਿਲੀਪ ਨਾਲ ਪਿਆਰ ਪਰਵਾਨ ਨਾ ਚੜ੍ਹਿਆ ਅਤੇ ਫਿਲਮ ਵਿੱਚ ਅਨਾਰਕਲੀ ਦਾ ਸਲੀਮ ਨਾਲ ਪਿਆਰ ਪਰਵਾਨ ਨਾ ਚੜ੍ਹਿਆ। ਇਸ ਤਰ੍ਹਾਂ ਉਸ ਨੇ ਕਈ ਦ੍ਰਿਸ਼ਾਂ ਵਿੱਚ ਨਿੱਜੀ ਮਾਨਸਿਕ ਅਵਸਥਾ ਅਤੇ ਫਿਲਮ ਵਿਚਲੀਆਂ ਸਥਿਤੀਆਂ ਨਾਲ ਇਕਸੁਰਤਾ ਬਣਾਉਣ ਵਿੱਚ ਅਲੋਕਾਰਾ ਅਨੁਭਵ ਹੰਢਾਇਆ। ਇਸ ਫਿਲਮ ਦੇ ਸ਼ੁਰੂਆਤੀ ਦੌਰ ਅਤੇ ਅੰਤਲੇ ਦੌਰ ਵਾਲੇ ਪਿਆਰ-ਦ੍ਰਿਸ਼ ਸੰਵਾਦ ਰਹਿਤ ਸਨ, ਪ੍ਰੰਤੂ ਉਹ ਅੱਜ ਤੱਕ ਦੇ ਫਿਲਮ ਇਤਿਹਾਸ ਵਿੱਚ ਨਾਯਾਬ ਪ੍ਰੇਮ-ਦ੍ਰਿਸ਼ ਸਮਝੇ ਜਾਂਦੇ ਹਨ।

ਆਪਣੀ 36 ਸਾਲ ਦੀ ਛੋਟੀ ਜਿਹੀ ਜ਼ਿੰਦਗੀ ਵਿੱਚ ਇੱਕ ਦਿਨ ਵੀ ਮਧੂਬਾਲਾ ਨੇ ਮੌਜ ਨਾਲ ਜਿਊ ਕੇ ਨਾ ਵੇਖਿਆ। ਉਹ ਅੰਤਾਂ ਦੀ ਸੋਹਣੀ ਸੀ, ਪਰ ਆਪਣੇ ਦਿਲ ਦੀ ਬਜਾਇ ਦਿਮਾਗ਼ ਦੇ ਆਖੇ ਲੱਗ ਕੇ ਸਿਰਫ਼ ਆਪਣਾ ਕਰਮ ਕਰਦੀ ਰਹੀ। ਉਸ ਨੇ ਪਿਆਰ ਕੀਤਾ ਤਾਂ ਉਹ ਘਰੇਲੂ ਜ਼ਿੰਮੇਵਾਰੀਆਂ ਉਤੋਂ ਕੁਰਬਾਨ ਕਰ ਦਿੱਤਾ। ਕਿਸ਼ੋਰ ਕੁਮਾਰ ਨਾਲ ਵਿਆਹ ਕੀਤਾ ਤਾਂ ਉਸ ਦਾ ਸੁੱਖ ਨਾ ਮਾਣ ਸਕੀ। 'ਮੁਗ਼ਲ-ਏ-ਆਜ਼ਮ' ਵਰਗੀ ਉੱਚ ਕੋਟੀ ਦੀ ਫਿਲਮ ਦੀ ਹੀਰੋਇਨ ਹੋ ਕੇ ਵੀ ਉਹ ਐਵਾਰਡ ਹਾਸਲ ਨਾ ਕਰ ਸਕੀ। ਉਹ ਪਬਲੀਸਿਟੀ ਤੋਂ ਕਤਰਾਉਂਦੀ ਸੀ ਅਤੇ ਪੱਤਰਕਾਰਾਂ ਤੋਂ ਵੀ ਬਚਦੀ ਰਹੀ। ਉਸ ਨੂੰ ਕਿਸੇ ਨੇ ਨਾ ਸਮਝਿਆ। ਉਸ ਦੇ ਸੰਗਮਰਮਰ ਵਰਗੇ ਜਿਸਮ ਅੰਦਰ ਧੜਕਦੇ ਦਿਲ ਦੀ ਸਦਾ ਕਿਸੇ ਨੇ ਨਾ ਸੁਣੀ। ਉਹ ਸਾਰਿਆਂ ਲਈ ਸਿਰਫ਼ ਇੱਕ ਖ਼ੂਬਸੂਰਤ ਔਰਤ ਸੀ। ਉਸ ਦੀ ਸੂਰਤ ਦੇ ਦੀਵਾਨੇ ਬਹੁਤ ਸਨ, ਪਰ ਸੀਰਤ ਨੂੰ ਸਮਝਣ ਵਾਲਾ ਕੋਈ ਨਹੀਂ।

ਮਧੂਬਾਲਾ ਇੱਕ ਵਰਤਾਰਾ ਸੀ ਜਿਸ ਨੂੰ ਇੱਕ ਪ੍ਰਤਿਭਾਵਾਨ ਰੂਹ ਅਤੇ ਸੁੰਦਰ ਵਜੂਦ ਨੇ ਤਿਲ ਤਿਲ ਕਰਕੇ ਸਾਜਿਆ। ਉਹ ਭਾਵੇਂ ਇੱਕ ਸੁਨਹਿਰੀ ਯੁੱਗ ਵਾਂਗ ਬੀਤ ਗਈ, ਪਰ ਉਸ ਦੀ ਫ਼ਨਕਾਰੀ ਦੇ ਸਜਾਏ ਹੋਏ ਸੋਨਯੁੱਗ ਦੀ ਲੋਅ ਰਹਿੰਦੀ ਦੁਨੀਆ ਤੱਕ ਫਿਲਮ-ਕਲਾ ਪ੍ਰੇਮੀਆਂ ਦੇ ਦਿਲਾਂ ਨੂੰ ਰੁਸ਼ਨਾਉਂਦੀ ਰਹੇਗੀ। ਬੇਤਹਾਸ਼ਾ ਬੰਦਿਸ਼ਾਂ ਹੇਠ ਕੰਮ ਕਰਨ ਵਾਲੀ ਮਧੂਬਾਲਾ ਔਰਤ ਦੀ ਸਹਿਣ-ਸਮਰੱਥਾ ਦੀ ਮਿਸਾਲ ਕਹੀ ਜਾ ਸਕਦੀ ਹੈ ਜੋ ਵਿਰੋਧਾਂ, ਦਬਾਵਾਂ, ਮੁਸ਼ਕਿਲਾਂ ਅਤੇ ਸਖ਼ਤੀਆਂ ਦੇ ਬਾਵਜੂਦ ਉੱਤਮ ਸਿਰਜਣਾ ਕਰ ਕੇ ਵਿਖਾ ਸਕਦੀ ਹੈ। ਅਜੋਕੇ ਦੌਰ ਦੀਆਂ ਜਿਸਮ ਉਘਾੜ ਕੇ ਪਬਲੀਸਿਟੀ ਹਾਸਲ ਕਰਨ ਵਾਲੀਆਂ ਮਾਡਲਾਂ ਅਤੇ ਅਭਿਨੇਤਰੀਆਂ ਮਧੂਬਾਲਾ ਦੇ ਪੈਰਾਂ ਦੀ ਧੂੜ ਹੀ ਹਨ।

ਡਾ. ਕਮਲੇਸ਼ ਉਪਲ
ਸੰਪਰਕ: 98149-02564

# ਇਜ਼ਰਾਈਲ-ਇਰਾਨ ਜੰਗ ਦਾ ਅਸਰ



ਇਜ਼ਰਾਈਲ ਦੀ ਇਰਾਨ ਨਾਲ ਚੱਲ ਰਹੀ ਲੜਾਈ ਨੂੰ ਬਹੁਤ ਸਾਰੇ ਫੇਸਬੁੱਕੀ ਵਿਦਵਾਨ 'ਵਰਲਡ ਵਾਰ' ਕਹਿ ਕੇ ਸੰਬੋਧਨ ਕਰ ਰਹੇ ਹਨ ਜਦਕਿ ਇਹ ਗਲਤ ਹੈ ਕਿਉਂਕਿ ਦੋ ਦੇਸ਼ਾਂ ਦੀ ਆਪਸੀ ਲੜਾਈ ਨੂੰ ਇਹ ਦਰਜਾ ਨਹੀਂ ਦਿੱਤਾ ਜਾ ਸਕਦਾ ਬੇਸ਼ੱਕ ਇਸ ਵਿੱਚ ਹੋਰ ਦੇਸ਼ ਵੀ ਮੱਦਦ ਕਰ ਰਹੇ ਹੋਣ ।

ਤਕਨੀਕੀ ਜਾਣਕਾਰੀ ਅਨੁਸਾਰ ਸੰਸਾਰ ਜੰਗ ਉਦੋਂ ਮੰਨੀ ਜਾਂਦੀ ਹੈ ਜਦੋਂ ਦੋ ਤੋਂ ਵਧੇਰੇ ਮਹਾਂਦੀਪ ਆਪਸ ਵਿੱਚ ਸਿੱਧਮ ਸਿੱਧਾ ਹੋ ਪੈਂਦੇ ਹਨ ਅਤੇ ਲੜਾਈ ਕਈ ਧਿਰੀ ਹੋ ਜਾਦੀ ਹੈ ਅਤੇ ਇਸ ਵਿੱਚ ਵੀ ਜ਼ਰੂਰੀ ਹੈ ਕਿ ਦੋ ਸੁਪਰ ਪਾਵਰ ਦੇਸ਼ ਆਪਸ ਵਿੱਚ ਲੜ ਸਿੱਧਾ ਰਹੇ ਹੋਣ ਅਤੇ ਇਸਦਾ ਪ੍ਰਭਾਵ ਹੋਰ ਜੰਗ ਨਾ ਲੜ ਰਹੇ ਦੇਸ਼ਾਂ ਤੇ ਵੀ ਸਿੱਧੇ ਤੌਰ 'ਤੇ ਪੈ ਰਿਹਾ ਹੋਵੇ । ਸਥਿਤੀ ਇਹ ਹੈ ਕਿ ਸੁਪਰ ਪਾਵਰ ਤਾਂ ਪਿੱਛੇ ਬੈਠੇ ਹੱਲਾਸ਼ੇਰੀ ਦੇ ਰਹੇ ਹਨ ਤਾਂ ਇਸ ਵਿੱਚ ਭਾਵੇਂ ਦੋ ਹੋਰ ਦੇਸ਼ ਸਿੱਧੇ ਤੌਰ ਤੇ ਵੀ ਸ਼ਾਮਲ ਹੋ ਜਾਣ ਤਾਂ ਵੀ ਅਜਿਹਾ ਨਹੀਂ ਕਿਹਾ ਜਾ ਸਕੇਗਾ। ਰੂਸ ਤੇ ਯੂਕਰੇਨ ਦੀ ਲੜਾਈ 2022 ਤੋਂ ਚੱਲ ਰਹੀ ਹੈ ਪਰ ਅਜੇ ਨਾਟੋ ਮੁਲਕਾਂ ਦੇ ਇਸ ਵਿੱਚ ਸ਼ਮੂਲੀਅਤ ਨਾ ਹੋਣ ਕਰਕੇ ਕੰਮ ਸੀਮਤ ਹੈ । ਹੁਣ ਤੱਕ ਦੋ ਸੰਸਾਰ ਜੰਗਾਂ ਹੋਈਆਂ ਹਨ, ਪਹਿਲੀ 1914 ਤੋਂ 1918 ਤੱਕ ਹੋਈ ਜਿਸ ਵਿੱਚ ਬ੍ਰਿਟੇਨ, ਫਰਾਂਸ, ਰੂਸ ਤੇ ਅੰਤ ਵੇਲੇ ਅਮਰੀਕਾ ਸ਼ਾਮਲ ਸਨ ਤੇ ਦੂਜੀ ਧਿਰ ਵਿੱਚ ਜਰਮਨੀ ,ਆਸਟਰੀਆ, ਹੰਗਰੀ ਤੇ ਤੁਰਕੀ ਆਦਿ ਸ਼ਾਮਲ ਸਨ ।ਇਸ ਲੜਾਈ ਵਿੱਚ ਤਕਰੀਬਨ ਇੱਕ ਕਰੋੜ ਤੱਕ ਲੋਕ ਅਤੇ ਸੈਨਿਕਾਂ ਦੇ ਮਾਰੇ ਜਾਣ ਦੇ ਵੇਰਵੇ ਮਿਲਦੇ ਹਨ ਤੇ ਇਸਦੇ ਨਤੀਜੇ ਵਜੋਂ ਜਰਮਨੀ ਤੇ ਕਈ ਤਰਾਂ ਦੀਆਂ ਰੋਕਾਂ ਲੱਗ ਗਈਆਂ ਸਨ । ਦੂਜੀ ਸੰਸਾਰ ਜੰਗ ਵੀ 1939-1945 ਵਿੱਚ ਜਰਮਨੀ ਵੱਲੋਂ ਪੋਲੈਂਡ ਤੇ ਹਮਲਾ ਕਰਨ ਕਰਕੇ ਸ਼ੁਰੂ ਹੋਈ ਸੀ ਤੇ ਇਸ ਵਿੱਚ ਵੀ ਪਹਿਲੀਆਂ ਧਿਰਾਂ ਓਹੀ ਸਨ ਜਦਕਿ ਦੂਜੀਆਂ ਧਿਰਾਂ ਵਿੱਚ ਜਰਮਨੀ, ਇਟਲੀ ਅਤੇ ਜਪਾਨ ਆਦਿ ਸ਼ਾਮਲ ਸਨ।

ਦੂਜੀ ਸੰਸਾਰ ਜੰਗ ਆਪਣੇ ਅੰਤ ਵੱਲ ਓਦੋਂ ਵਧੀ ਜਦੋਂ 6 ਅਗਸਤ 1945 ਨੂੰ ਅਮਰੀਕਾ ਵੱਲੋਂ ਜਪਾਨ ਦੇ ਨਾਗਾਸਾਕੀ ਤੇ ਅਤੇ 9 ਅਗਸਤ ਨੂੰ ਹੀਰੋਸ਼ੀਮਾ ਤੇ ਪ੍ਰਮਾਣੂ ਹਮਲਾ ਕੀਤਾ ਤੇ ਕਹਾਣੀ ਸਿਰੇ ਲਾ ਦਿੱਤੀ ਅਤੇ 15 ਅਗਸਤ ਨੂੰ ਜਪਾਨ ਨੇ ਵੀ ਹਥਿਆਰ ਸੁੱਟ ਦਿੱਤੇ । ਸਿੱਟੇ ਵਜੋਂ 2 ਸਤੰਬਰ 1945 ਨੂੰ ਜੰਗ ਅਧਿਕਾਰਕ ਤੌਰ ਤੇ ਖਤਮ ਹੋ ਗਈ ਅਤੇ 24 ਅਕਤੂਬਰ ਨੂੰ ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਹੋਈ ।

ਇਹ ਸਾਰੀ ਇਤਿਹਾਸਕ ਰਾਮਕਹਾਣੀ ਤੁਹਾਡੇ ਲਈ ਲਿਖਣ ਦਾ ਵੱਡਾ ਕਾਰਨ ਸੀ ਕਿ ਇੱਕ ਤਾਂ 'ਤੀਜੀ ਜੰਗ' ਦਾ ਵਹਿਮ ਤੁਹਾਡੇ ਮਨੋਂ ਕੱਢਣ ਦਾ ਤੇ ਦੂਜਾ ਫੇਸਬੁੱਕੀ ਵਿਦਵਾਨਾਂ ਲਈ ਜਿਨਾਂ ਨੇ ਹਰ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਹੁੰਦਾ ਹੈ । ਸੋ ਚੰਦ ਵਿਊਆਂ ਖਾਤਰ ਅਜਿਹੀ ਗਲਤ ਜਾਣਕਾਰੀ ਨਾ ਫੈਲਾਓ ਤੇ ਨਾ ਹੀ ਫੇਕ ਵੀਡੀਓਜ਼ ਪੋਸਟ ਕਰੋ ਤੁਸੀਂ ਫੇਸਬੁੱਕ ਚਲਾ ਰਹੇ ਹੋ ਨਿਊਜ਼ ਚੈਨਲ ਨਹੀਂ ।

ਪੇਂਡੂ ਵਿਦਵਾਨ

## ਮੂੰਹੋਂ ਨਿਕਲੀ ਗੱਲ...

ਮੂੰਹੋਂ ਨਿਕਲੀ ਗੱਲ ਨਾ ਮੁੜ ਮੂੰਹ ਪੈਂਦੀ ਏ,
ਐਵੇਂ ਕੋਈ ਰੋਅਬ ਕਿਸੇ ਦਾ ਸਹਿੰਦਾ ਨਹੀਂ।
ਜਿਊਣਾ ਚਾਹੁੰਦੈ ਹਰ ਕੋਈ ਇੱਜ਼ਤ ਦੇ ਨਾਲ,
ਐਵੇਂ ਕਿਸੇ ਦੀ ਝੋਲੀ 'ਚ ਜਾ ਬਹਿੰਦਾ ਨਹੀਂ।
ਧੁਖ਼ਦੀ ਹੋਵੇ ਜੇ ਅੱਗ, ਧੂੰਆਂ ਤਾਂ ਹੀ ਨਿਕ਼ਲੇ,
ਐਵੇਂ ਤਾਂ ਕੋਈ ਗ਼ਲ, ਕਿਸੇ ਦੀ ਪੈਂਦਾ ਨਹੀਂ।
ਗੱਲ ਕਹੇ, ਮੂੰਹੋਂ ਕੱਢ, ਮੈਂ ਤੈਨੂੰ ਘਰੋਂ ਕੱਢਾਂ,
ਸਿਆਣਿਆਂ ਦੇ ਨੇ ਬੋਲ, ਮਨੋਂ ਕਹਿੰਦਾ ਨਹੀਂ।
ਐਪਰ ਕਈ ਬੜਬੋਲੇ ਨੇ ਇਸ ਦੁਨੀਆਂ 'ਚ,
ਕਹਿਣ ਜਿਹੜੇ ਕਿ ਮੈਂ ਬੋਲਣੋਂ ਰਹਿੰਦਾ ਨਹੀਂ।
ਟਰੰਪ 'ਮਰੀਕਾ ਦਾ ਵੀ, ਉਨ੍ਹਾਂ ਵਿੱਚੋਂ ਇਕ,
ਬੋਲੇ ਬੋਲ-ਕਬੋਲ, ਦੂਜੇ ਦਾ ਸਹਿੰਦਾ ਨਹੀਂ।
ਲਾਵਣ ਲੱਗਿਆਂ ਟੈਰਿਫ਼ ਨਹੀਂ ਸੋਚਿਆ ਕੁਝ,
ਗੱਲ ਆਪਣੀ ਦਲੀਲ ਨਾਲ ਕਹਿੰਦਾ ਨਹੀਂ।
ਖਾਧੀ ਏ ਫਿਟਕਾਰ ਉਸ ਉੱਚ-ਅਦਾਲਤ ਤੋਂ,
ਅਧਿਕਾਰ ਆਪਣੇ ਵਿੱਚ ਉਹ ਰਹਿੰਦਾ ਨਹੀਂ?
ਪੰਗਾ ਜਾ ਲਿਆ ਸੂ, ਹੁਣ ਇਰਾਨ ਦੇ ਨਾਲ,
ਧੌਂਸ ਉਹ ਵੀ ਥੋੜ੍ਹੀ ਕੀਤਿਆਂ ਸਹਿੰਦਾ ਨਹੀਂ।
ਆਗੂ ਉਸਦਾ ਬੇਸ਼ਕ ਮਾਰ ਮੁਕਾਇਆ ਏ,
ਝੁਕਦਾ ਨਹੀਂ ਉਹ, ਟਿਕ ਕੇ ਬਹਿੰਦਾ ਨਹੀਂ।
ਟੈਰਿਫ਼ ਵੇਖੋ, ਟਰੰਪ ਵਾਪਸ
ਕਿੰਨੇ ਲੈਂਦਾ ਏ,
ਸਮਾਂ ਹੀ ਦੱਸੂ, 'ਝੰਡ' ਤਾਂ
ਕੁਝ ਕਹਿੰਦਾ ਨਹੀਂ।



ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647 567 9128

# ਇਰਾਨ ਉੱਪਰ ਅਮਰੀਕਾ-ਇਜ਼ਰਾਈਲ ਜੁੰਡਲੀ ਦੀ ਨਿਹੱਕੀ ਜੰਗ-1

## ਜੰਗ ਨੂੰ ਜਾਇਜ ਠਹਿਰਾਉਣ ਲਈ ਟਰੰਪ ਪ੍ਰਸ਼ਾਸਨ ਦੀਆਂ ਡੱਡੂ ਟਪੂਸੀਆਂ




ਅਮਰੀਕੀ ਸਾਮਰਾਜ "ਸੰਸਾਰ ਸ਼ਾਂਤੀ", "ਜਮਹੂਰੀਅਤ ਸਥਾਪਤੀ" ਤੇ "ਅੱਤਵਾਦ ਵਿਰੁੱਧ ਜੰਗ" ਆਦਿ ਨਾਹਰਿਆਂ ਨਾਲ ਹੁਣ ਤੱਕ ਆਪਣੀਆਂ ਨਿਹੱਕੀਆਂ ਸਾਮਰਾਜੀ ਜੰਗ ਤੇ ਮਾਸੂਮ ਲੋਕਾਂ ਦੇ ਕਤਲੇਆਮ ਨੂੰ ਜਾਇਜ ਠਹਿਰਾਉਂਦਾ ਆਇਆ ਹੈ। ਇਸਦੇ ਭੌਂਕੇ ਟੀਵੀ ਪ੍ਰਿੰਟ ਮੀਡੀਆ, ਹੌਲੀਵੁਡ ਫਿਲਮਾਂ, ਏਥੋਂ ਤਕ ਕਿ ਵਡਿਓ ਗੇਮਾਂ ਰਾਹੀਂ ਵੀ ਅਮਰੀਕੀ ਸਾਮਰਾਜ ਦੇ ਕੁਕਰਮਾਂ ਨੂੰ ਜਾਇਜ ਸਾਬਤ ਕੀਤਾ ਜਾਂਦਾ ਰਿਹਾ ਹੈ। ਪਰ ਇਸ ਵੇਲੇ ਅਮਰੀਕੀ ਸਾਮਰਾਜ ਆਪਦੇ "ਤਰਕਾਂ" 'ਚ ਹੀ ਉਲਝਦਾ ਨਜਰ ਆ ਰਿਹਾ ਹੈ।

ਅਮਰੀਕਾ-ਇਜ਼ਰਾਈਲ ਜੁੰਡੀ ਵੱਲੋਂ ਈਰਾਨ ਉੱਤੇ ਕੀਤੇ ਗਏ ਵੱਡੇ ਪੱਧਰ ਦੇ ਸਾਂਝੇ ਫੌਜੀ ਹਮਲੇ (ਜਿਸਨੂੰ ਅਮਰੀਕਾ ਨੇ 'ਆਪ੍ਰੇਸ਼ਨ ਐਪਿਕ ਫਿਊਰੀ' ਦਾ ਨਾਂ ਦਿੱਤਾ ਹੈ) ਨੇ ਪੱਛਮੀ ਏਸ਼ੀਆ ਨੂੰ ਇੱਕ ਭਿਆਨਕ ਯੁੱਧ ਵੱਲ ਧੱਕ ਦਿੱਤਾ ਹੈ। ਇਸ ਹਮਲਾ ਦਾ ਅਸਲ ਮਕਸਦ ਈਰਾਨ ਵਿੱਚ ਤਖਤਾ ਪਲਟ ਕਰਕੇ ਆਪਣੀ ਕਠਪੁਤਲੀ ਸੱਤਾ ਕਾਇਮ ਕਰਨਾ ਸੀ। ਆਪਣੇ ਇਸ ਨਿਹੱਕੀ ਮਕਸਦ ਨੂੰ ਅੰਜਾਮ ਦੇਣ ਚ ਸਾਮਰਾਜੀ ਹਾਕਮ ਨਾਕਾਮ ਹੋਏ ਹਨ। ਇਸ ਨਿਹੱਕੀ ਹਮਲੇ ਨੂੰ ਜਾਇਜ਼ ਠਹਿਰਾਉਣ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਪੈਂਟਾਗਨ (ਅਮਰੀਕੀ ਰੱਖਿਆ ਵਿਭਾਗ) ਅਤੇ ਹੋਰ ਉੱਚ ਅਧਿਕਾਰੀਆਂ ਵੱਲੋਂ ਜੋ ਬਿਆਨਾਂ ਚ ਡੱਡੂ ਟਪੂਸੀਆਂ ਮਾਰੀਆਂ ਜਾਂ ਰਹੀਆਂ ਹਨ ਉਹਨਾਂ ਨੇ ਅਮਰੀਕੀ ਸਾਮਰਾਜ ਦੇ ਘਿਨਾਉਣੇ ਚਿਹਰੇ ਨੂੰ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਸ਼ੁਰੂ ਵਿੱਚ ਇਹ ਦਾਅਵਾ ਕੀਤਾ ਕਿ ਇਹ ਹਮਲਾ ਇਸ ਲਈ ਕੀਤਾ ਗਿਆ ਕਿਉਂਕਿ ਈਰਾਨ ਅਮਰੀਕੀ ਫੌਜਾਂ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਸੀ। ਪਰ, 1 ਮਾਰਚ 2026 ਨੂੰ ਪੈਂਟਾਗਨ ਦੇ ਅਧਿਕਾਰੀਆਂ ਨੇ ਅਮਰੀਕੀ ਕਾਂਗਰਸ (ਸੰਸਦ) ਨੂੰ ਬੰਦ ਕਮਰਾ ਮੀਟਿੰਗ ਵਿੱਚ ਸਾਫ਼ ਦੱਸਿਆ ਕਿ ਅਜਿਹੀ ਕੋਈ ਖੁਫੀਆ ਜਾਣਕਾਰੀ ਨਹੀਂ ਸੀ ਕਿ ਈਰਾਨ ਪਹਿਲਾਂ ਹਮਲਾ ਕਰਨ ਵਾਲਾ ਸੀ। ਇਸ ਖੁਲਾਸੇ ਨੇ ਅਮਰੀਕੀ ਸਾਮਰਾਜੀਆਂ ਦੇ ਮੁੱਖ ਤਰਕ ਦੀ ਹਵਾ ਕੱਢ ਦਿੱਤੀ।

ਜਦੋਂ ਪਹਿਲਾ ਦਾਅਵਾ ਝੂਠਾ ਸਾਬਤ ਹੋਣ ਲੱਗਾ, ਤਾਂ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਨਵਾਂ ਤਰਕ ਘੜਿਆ। ਉਸਨੇ ਬਿਆਨ ਦਿੱਤਾ ਕਿ ਅਮਰੀਕਾ ਨੂੰ ਇਸ ਲਈ ਹਮਲਾ ਕਰਨਾ ਪਿਆ ਕਿਉਂਕਿ ਇਜ਼ਰਾਈਲ ਪਹਿਲਾਂ ਹੀ ਹਮਲਾ ਕਰਨ ਵਾਲਾ ਸੀ, ਅਤੇ ਜੇਕਰ ਇਜ਼ਰਾਈਲ ਹਮਲਾ ਕਰਦਾ ਤਾਂ ਈਰਾਨ ਨੇ ਜਵਾਬੀ ਕਾਰਵਾਈ ਵਿੱਚ ਅਮਰੀਕਾ 'ਤੇ ਹਮਲਾ ਕਰਨਾ ਸੀ। ਰਾਸ਼ਟਰਪਤੀ ਟਰੰਪ ਨੇ ਜੂਨ 2025 ਦੇ 'ਬਾਰਾਂ-ਰੋਜ਼ਾ ਯੁੱਧ' ਤੋਂ ਬਾਅਦ ਦਾਅਵਾ ਕੀਤਾ ਸੀ ਕਿ ਈਰਾਨ ਦੇ ਪ੍ਰਮਾਣੂ ਟਿਕਾਣਿਆਂ ਨੂੰ "ਪੂਰੀ ਤਰ੍ਹਾਂ ਤਬਾਹ" ਕਰ ਦਿੱਤਾ ਗਿਆ ਹੈ। ਹੁਣ ਕੁਝ ਹੀ ਮਹੀਨਿਆਂ ਬਾਅਦ, ਉਸੇ "ਖਤਮ ਹੋ ਚੁੱਕੇ" ਪ੍ਰਮਾਣੂ ਖਤਰੇ ਨੂੰ ਇਸ ਨਵੇਂ ਯੁੱਧ ਦਾ ਮੁੱਖ ਕਾਰਨ ਦੱਸਿਆ ਗਿਆ। ਏਨਾ ਹੀ ਨਹੀਂ ਸਗੋਂ ਅਮਰੀਕੀ ਸਾਮਰਾਜੀ ਜੰਗੀ ਮਸ਼ੀਨ ਦੇ ਭੰਬਲਭੂਸੇ ਦਾ ਅੰਦਾਜ ਇਸ ਤੋਂ ਵੀ ਲਗਾਇਆ ਜਾਂ ਸਕਦਾ ਹੈ ਫੌਜ ਦੇ ਸਿਪਾਹੀਆਂ ਨੂੰ ਕਈ ਯੂਨਿਟਾਂ ਵਿੱਚ ਕਮਾਂਡਰਾਂ ਨੇ ਕਿਹਾ ਕਿ ਇਹ " ਧਰਮ ਯੁੱਧ ਹੈ" ਕਿ ਇਹ "ਈਸ਼ਵਰ ਦੀ ਇਲਾਹੀ ਯੋਜਨਾ" ਹੈ, ਰਾਸ਼ਟਰਪਤੀ ਟਰੰਪ ਨੂੰ ਯੀਸੂ ਵੱਲੋਂ "ਥਾਪਿਆ" (anointed) ਗਿਆ ਹੈ ਤਾਂ ਜੋ ਅਰਮਾਗੇਡਨ (ਅੰਤਮ ਜੰਗ) ਨੂੰ ਸ਼ੁਰੂ ਕੀਤਾ ਜਾਵੇ ਜੋ ਯੀਸੂ ਦੀ ਵਾਪਸੀ ਨੂੰ ਤੇਜ ਕਰੇ।

ਪਰ ਇਹ ਵੀ ਉਲਟਾ ਪੈ ਗਿਆ। ਮਿਲਟਰੀ ਰਿਲੀਜੀਅਸ ਫ੍ਰੀਡਮ ਫਾਊਂਡੇਸ਼ਨ (MRFF) ਨੂੰ 110 ਤੋਂ ਵੱਧ ਸ਼ਿਕਾਇਤਾਂ ਮਿਲੀਆਂ ਹਨ, ਜਿੱਥੇ ਸਿਪਾਹੀਆਂ ਨੇ ਕਿਹਾ ਕਿ ਅਜਿਹੇ ਬਿਆਨ ਉਹਨਾਂ ਨੂੰ ਧਾਰਮਿਕ ਤੌਰ 'ਤੇ ਭੜਕਾਉਂਦੇ ਹਨ ਅਤੇ ਉਹਨਾਂ ਦੀ ਵਚਨਬੱਧਤਾ ਨੂੰ ਤੋੜਦੇ ਹਨ।

ਯੂਰਪ ਅਤੇ ਅਮਰੀਕਾ ਵਿੱਚ ਵੀ ਲੋਕ ਅਮਰੀਕੀ ਸਾਮਰਾਜ ਨੂੰ "ਖੂਨੀ ਸਾਮਰਾਜ" ਅਤੇ "ਜੰਗ ਲਈ ਬਹਾਨੇ ਬਣਾਉਣ ਵਾਲਾ" ਕਹਿ ਰਹੇ ਹਨ। ਪੋਲ ਅਨੁਸਾਰ ਅਮਰੀਕਾ ਵਿੱਚ 70-80% ਲੋਕ ਇਸ ਤਰ੍ਹਾਂ ਦੇ ਹਮਲੇ ਵਿਰੁੱਧ ਹਨ ਅਤੇ ਸੱਤਾ ਬਦਲਣ ਵਾਲੀਆਂ ਜੰਗ ਨਹੀਂ ਚਾਹੁੰਦੇ। ਮੌਜੂਦਾ ਜੰਗ ਵਿਰੋਧੀ ਲੋਕ ਰੋਹ ਵੀ ਇਸਦਾ ਪ੍ਰਤੀਕ ਹੈ ਕਿ ਅਮਰੀਕੀ ਸਾਮਰਾਜ ਹੁਣ ਆਪਣੀ ਝੂਠੀ "ਸੰਸਾਰ ਸ਼ਾਂਤੀ" ਅਤੇ "ਜਮਹੂਰੀਅਤ ਸਥਾਪਤੀ" ਦੀ ਕਹਾਣੀ ਨਾਲ ਲੋਕਾਂ ਨੂੰ ਗੁੰਮਰਾਹ ਨਹੀਂ ਕਰ ਸਕਦਾ – ਲੋਕ ਸਮਝ ਚੁੱਕੇ ਹਨ ਕਿ ਇਹ ਤੇਲ, ਖੇਤਰੀ ਕੰਟਰੋਲ ਅਤੇ ਡਿੱਗਦੀ ਸਰਦਾਰੀ ਨੂੰ ਬਚਾਉਣ ਦੀ ਜੰਗ ਹੈ।

ਇਨਸਾਫਪਸੰਦ ਹਿੱਸਿਆਂ ਨੂੰ ਇਸ ਨਿਹੱਕੀ ਸਾਮਰਾਜੀ ਜੰਗ ਦਾ ਵਿਰੋਧ ਕਰਨਾ ਚਾਹੀਦਾ ਹੈ। ਸਾਮਰਾਜ ਮੁਰਦਾਬਾਦ॥






ਪੰਜਾਬ ਸਟਾਰ
www.punjabstar.com

# ਮਾਰਵਿਨ ਈਡਰ: "ਲੋਹੇ ਦ ਪੈਗੰਬਰ" ਜਿਸ ਨੇ ਕੁਦਰਤ ਦੇ ਨਿਯਮਾਂ ਨੂੰ ਵੰਗਾਰਿਆ !



ਜੇਕਰ ਅੱਜ ਦੇ ਦੌਰ ਵਿੱਚ ਕੋਈ 24 ਸਾਲ ਦਾ ਨੌਜਵਾਨ 233 ਕਿਲੋ ਬੈਂਚ ਪ੍ਰੈਸ ਲਾ ਦੇਵੇ ਤਾਂ ਲੋਕ ਤੁਰੰਤ ਸਟੀਰੌਇਡ ਦਾ ਛੁਣਛੁਣਾ ਵਜਾਉਣ ਲੱਗਣਗੇ—ਜਿਸ ਬੰਦੇ ਨੂੰ ਸਟੀਰੌਇਡ ਦੇ ਸਪੈਲਿੰਗ ਵੀ ਨਹੀ ਆਉਦੇ ਉਹ ਵੀ ਕਹੂ,"ਸਟੀਰੌਇਡ ਲਿਆ ਹੋਊ ਤਾਂ ਏਨਾ ਵਜਨ ਚੱਕਤਾ?"

ਪਰ 1950 ਦੇ ਦਹਾਕੇ ਵਿੱਚ ਇੱਕ ਅਜਿਹਾ ਇਨਸਾਨ ਧਰਤੀ ਉਪਰ ਮੌਜੂਦ ਸੀ ਜਿਸ ਨੇ ਬਿਨਾਂ ਸਟੀਰੌਇਡ ਦਾ ਇਸਤੇਮਾਲ ਕੀਤ ਨਾ ਸਿਰਫ਼ ਬੈਂਚ ਪ੍ਰੈਸ ਵਿਚ ਏਨਾ ਭਾਰ ਚੁੱਕਿਆ, ਬਲਕਿ ਕਈ ਹੋਰ ਅਜੇਹੇ ਕੀਰਤੀਮਾਨ ਸਥਾਪਿਤ ਕੀਤੇ ਜੋ ਅੱਜ ਵੀ ਸਾਨੂੰ ਹੈਰਾਨ ਕਰਦੇ ਹਨ। ਉਸ ਦਾਨਵ ਵਰਗੇ ਇਨਸਾਨ ਦਾ ਨਾਮ ਸੀ—ਮਾਰਵਿਨ ਈਡਰ (Marvin Eder)।

* ਆਓ ਪਹਿਲਾਂ ਅਸੀ ਵਿਗਿਆਨ ਦੀ ਕਸੌਟੀ ਉਪਰ ਪਰਖ ਤਾਂ ਲਈਏ ਕਿ ਸੱਚਮੁੱਚ ਮਾਰਵਿਨ ਈਡਰ ਸਟੀਰੌਇਡ ਨਹੀਂ ਲੈਂਦੇ ਸਨ ?

ਉਹਨਾਂ ਦੀ ਤਾਕਤ ਦਾ ਦੋ ਜੋ ਸਿਖਰ ਸੀ ਉਹ 1950 ਤੋਂ 1954 ਦੇ ਵਿਚਕਾਰ ਸੀ। ਯਾਨੀ ਮਾਰਵਿਨ ਨੇ 223 ਕਿੱਲੋ ਦੀ ਬੈਂਚ ਪ੍ਰੈਸ ਇਹਨਾਂ ਸਾਲਾਂ ਦੌਰਾਨ ਹੀ ਲਾਈ ਸੀ।

* ਦੁਨੀਆ ਦਾ ਪਹਿਲਾ ਵਪਾਰਕ ਸਟੀਰੌਇਡ ਯਾਨੀ ਧਿਓਨਓਬੋਲ 1958 ਵਿੱਚ ਬਣਿਆ ਸੀ। ਯਾਨੀ ਮਾਰਵਿਨ ਨੇ ਆਪਣੇ ਸਾਰੇ ਵਿਸ਼ਵ ਰਿਕਾਰਡ ਉਸ ਸਮੇਂ ਬਣਾਏ ਜਦੋਂ ਸਟੀਰੌਇਡ ਆਮ ਇੰਸਾਨ ਦੀ ਪਹੁੰਚ ਤੋਂ ਕੋਹਾਂ ਦੂਰ ਸਨ। ਕਿਸੇ ਨੇ ਸਟੀਰੌਇਡ ਦਾ ਨਾਮ ਵੀ ਨਹੀ ਸੀ ਸੁਣਿਆ।

* ਮਾਰਵਿਨ ਦੀ ਰੱਜਵੀਂ ਖ਼ੁਰਾਕ ਵਿੱਚ ਦੁੱਧ, ਅੰਡੇ ਅਤੇ ਮੀਟ ਮੌਜੂਦ ਹੁੰਦਾ ਸੀ। ਵਿਗਿਆਨਕ ਨਜ਼ਰੀਏ ਤੋਂ ਕਿਹਾ ਜਾਵੇ ਉਹਨਾਂ ਦੇ ਸਰੀਰ ਵਿੱਚ ਟੈਸਟੋਸਟੀਰੋਨ ਦਾ ਪੱਧਰ ਕੁਦਰਤੀ ਤੌਰ 'ਤੇ ਇੰਨਾ ਉੱਚਾ ਸੀ ਕਿ ਉਹਨਾਂ ਦੀਆਂ ਹੱਡੀਆਂ ਦੀ ਘਣਤਾ (Bone Density) ਇੱਕ ਆਮ ਇੰਸਾਨ ਨਾਲੋਂ ਕਈ ਗੁਣਾ ਜ਼ਿਆਦਾ ਸੀ।

* ਚਲੋ ਹੁਣ ਉਹਨਾਂ ਅੰਕੜਿਆਂ ਦੀ ਗੱਲ ਕਰੀਏ ਜੋ ਤੁਹਾਡੇ ਹੋਸ਼ ਉਡਾ ਦੇਣਗੇ:

ਮਾਰਵਿਨ ਈਡਰ ਕੋਈ ਆਮ ਬੌਡੀਬਿਲਡਰ ਨਹੀਂ ਸਨ,ਸਗੋਂ ਉਹ ਤਾਂ ਜਿਵੇਂ ਇੱਕ "ਜੈਨੇਟਿਕ ਮਿਊਟੈਂਟ" ਹੋਣ। ਉਹਨਾਂ ਨੇ ਜੋ ਰਿਕਾਰਡ ਪੈਦਾ ਕੀਤੇ,ਉਹ ਅੱਜ ਦੇ ਖਿਡਾਰੀਆਂ ਨੂੰ ਵੀ ਚੱਕਰ ਲਿਆ ਦਿੰਦੇ ਹਨ:

* ਦੀ ਪੈਰਲਲ ਡਿਪ (The Impossible Dip): ਮਾਰਵਿਨ ਨੇ 197 ਕਿਲੋ ਵਜਨ ਨੂੰ ਆਪਣੇ ਸਰੀਰ ਨਾਲ ਬੰਨ੍ਹ ਕੇ ਡਿਪਸ ਲਾਏ ਸਨ।

* ਸਿੰਗਲ ਆਰਮ ਚਿਨ-ਅੱਪ: ਜਿਸ ਇਨਸਾਨ ਦਾ ਆਪਣਾ ਵਜ਼ਨ 90 ਕਿਲੋ ਹੋਵੇ,ਉਸ ਇਨਸਾਨ ਲਈ ਇੱਕ ਬਾਂਹ ਨਾਲ ਚਿੰਨ-ਅੱਪ ਦੇ 12 ਰੈਪਸ ਲਗਾਉਣੇ ਫਿਜ਼ਿਕਸ ਦੇ ਨਿਯਮਾਂ ਨੂੰ ਟਿੱਚ ਜਾਣਨ ਦੇ ਬਰਾਬਰ ਹੈ।

* ਓਵਰਹੈੱਡ ਪ੍ਰੈਸ: ਉਹਨਾ ਨੇ 158 ਕਿਲੋ ਵਜ਼ਨ ਆਪਣੇ ਸਿਰ ਤੋਂ ਉੱਪਰ ਚੁੱਕਿਆ ਸੀ।

* ਮਾਰਵਿਨ ਈਡਰ ਦੀ ਕਹਾਣੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਇਨਸਾਨੀ ਸਰੀਰ ਦੀ ਕੋਈ ਹੱਦ ਨਹੀਂ ਹੁੰਦੀ !ਜੇਕਰ ਇਰਾਦਾ ਪੱਥਰ ਵਰਗਾ ਹੋਵੇ ਤਾਂ ਕੁਝ ਵੀ ਅਸੰਭਵ ਨਹੀ ਰਹਿੰਦਾ।

ਅੱਜ ਸਾਡੀ ਸੋਚ ਇੰਨੀ ਨਾਜ਼ੁਕ ਅਤੇ ਤਿੜਕਵੀਂ ਹੋ ਗਈ ਹੈ ਕਿ ਅਸੀ ਸਟੀਰੌਇਡ ਤੋਂ ਅੱਗੇ ਸੋਚਣ ਦੀ ਹਿੰਮਤ ਹੀ ਗੁਆ ਲਈ ਹੈ। ਮਨੁੱਖੀ ਸਰੀਰ ਕੁਦਰਤ ਦੀ ਉਹ ਕਲਾਕ੍ਰਿਤ ਹੈ ਜਿਸ ਵਿੱਚ ਛੁਪੀਆਂ ਕਲਾਵਾਂ ਨੂੰ ਸਮਝਣਾ ਹਰ ਇਨਸਾਨ ਦੇ ਵੱਸ ਦੀ ਗੱਲ ਨਹੀ।

ਇਸ ਲਈ ਜੋ ਕੁਦਰਤ ਦੇ ਇਸ ਕੌਤਕ ਨੂੰ ਸਮਝਣ ਦੇ ਕਾਬਿਲ ਨਹੀ ਹੁੰਦਾ,ਉਹ ਬੱਸ ਸਟੀਰੌਇਡ ਦਾ ਛੁਣਛੁਣਾ ਵਜਾਉਂਦਾ ਰਹਿੰਦਾ,ਜਾਂ ਉਹ ਖੁਦ ਸਟੀਰੌਇਡ ਲੈਣ ਲਗਦਾ ਹੈ ਜਾਂ ਆਪਣੇ ਤੋਂ ਹਰ ਤਕੜੇ ਇਨਸਾਨ ਉਪਰ ਸਟੀਰੌਇਡ ਲੈਣ ਦੇ ਇਲਜ਼ਾਮ ਲਾਉਂਦਾ ਰਹਿੰਦਾ ਹੈ !ਅਜੇਹੇ ਨਿਰਾਸ਼ਾਵਾਦੀਆਂ ਤੋਂ ਦੂਰ ਰਹੋ।

"ਨਿਰਾਸ਼ਾਵਾਦੀ ਉਹ ਬੰਦਾ ਹੈ ਜੋ ਸੂਰਜ ਦੀ ਰੌਸ਼ਨੀ ਵਿੱਚ ਖੜ੍ਹ ਕੇ ਵੀ ਆਪਣੇ ਪਰਛਾਵੇਂ ਦੇ ਕਾਲੇ ਹੋਣ ਦਾ ਰੋਣਾ ਰੋਂਦਾ ਹੈ।"

# ਪਲੇਅਬੈਕ ਸਿੰਗਿੰਗ ਤੋਂ ਸੰਨਿਆਸ ਲੈਣ ਵਾਲੇ ਅਰੀਜੀਤ ਸਿੰਘ ਦਾ ਪ੍ਰਸ਼ੰਸਕਾਂ ਲਈ ਖਾਸ ਤੋਹਫਾ !



ਬੌਲੀਵੁੱਡ ਪਲੇਅਬੈਕ ਸਿੰਗਿੰਗ ਤੋਂ ਸੰਨਿਆਸ ਦੇ ਐਲਾਨ ਤੋਂ ਬਾਅਦ, ਅਰੀਜੀਤ ਸਿੰਘ ਨੇ ਇੱਕ ਵਾਰ ਫਿਰ ਆਪਣੀ ਆਵਾਜ਼ ਦਾ ਜਾਦੂ ਬਿਖੇਰਿਆ ਹੈ। ਉਨ੍ਹਾਂ ਦਾ ਨਵਾਂ ਗਾਣਾ 'ਰੈਨਾ' (Raina) ਰਿਲੀਜ਼ ਹੋ ਚੁੱਕਾ ਹੈ ਅਤੇ ਆਉਂਦੇ ਹੀ ਸੋਸ਼ਲ ਮੀਡੀਆ 'ਤੇ ਛਾਅ ਗਿਆ ਹੈ। ਇਹ ਇੱਕ ਬਹੁਤ ਹੀ ਪਿਆਰੀ ਅਤੇ ਰੋਮਾਂਟਿਕ ਮੈਲੋਡੀ ਹੈ, ਜਿਸ ਨੂੰ ਸ਼ੇਖਰ ਰਵਜਿਆਨੀ ਨੇ ਕੰਪੋਜ਼ ਕੀਤਾ ਹੈ ਅਤੇ ਪ੍ਰਿਆ ਸਰੱਈਆ ਨੇ ਲਿਖਿਆ ਹੈ। ਇਸ ਗਾਣੇ ਰਾਹੀਂ ਅਰੀਜੀਤ ਅਤੇ ਸ਼ੇਖਰ ਦੀ ਸੁਪਰਹਿੱਟ ਜੋੜੀ ਇੱਕ ਵਾਰ ਫਿਰ ਇਕੱਠੀ ਹੋਈ ਹੈ।

ਗਾਣੇ ਨੂੰ ਸ਼ੇਅਰ ਕਰਦੇ ਹੋਏ ਅਰੀਜੀਤ ਨੇ ਇੰਸਟਾਗ੍ਰਾਮ 'ਤੇ ਲਿਖਿਆ— "ਰੈਨਾ ਹੁਣ ਤੁਹਾਡਾ ਹੋਇਆ। ਇਸ ਨੂੰ ਮਹਿਸੂਸ ਕਰੋ ਅਤੇ ਇਸ ਰਾਤ ਨੂੰ ਆਪਣੇ ਆਪ 'ਤੇ ਛਾ ਜਾਣ ਦਿਓ।" ਗਾਣਾ ਰਿਲੀਜ਼ ਹੋਣ ਤੋਂ ਬਾਅਦ ਕੁਮੈਂਟ ਸੈਕਸ਼ਨ ਵਿੱਚ ਪ੍ਰਸ਼ੰਸਕਾਂ ਦਾ ਹੜ੍ਹ ਆ ਗਿਆ ਹੈ। ਇੱਕ ਪ੍ਰਸ਼ੰਸਕ ਨੇ ਲਿਖਿਆ, "ਸੰਨਿਆਸ ਤੋਂ ਬਾਅਦ ਅਰੀਜੀਤ ਦਾ ਇਹ ਅੰਦਾਜ਼ ਕਮਾਲ ਹੈ," ਜਦਕਿ ਇੱਕ ਹੋਰ ਪ੍ਰਸ਼ੰਸਕ ਨੇ ਭਾਵੁਕ ਹੁੰਦਿਆਂ ਲਿਖਿਆ, "ਆਖਰਕਾਰ ਉਨ੍ਹਾਂ ਦੀ ਆਵਾਜ਼ ਸੁਣ ਕੇ ਖੁਸ਼ੀ ਦੇ ਹੰਝੂ ਆ ਗਏ।"

ਤੁਹਾਨੂੰ ਦੱਸ ਦੇਈਏ ਕਿ ਭਾਵੇਂ ਅਰੀਜੀਤ ਨੇ ਨਵੇਂ ਪ੍ਰੋਜੈਕਟ ਲੈਣੇ ਬੰਦ ਕਰ ਦਿੱਤੇ ਹਨ, ਪਰ ਅਗਲੇ ਇੱਕ ਸਾਲ ਤੱਕ ਉਨ੍ਹਾਂ ਦੇ ਪੁਰਾਣੇ ਰਿਕਾਰਡ ਕੀਤੇ ਗਾਣੇ ਫ਼ਿਲਮਾਂ ਵਿੱਚ ਰਿਲੀਜ਼ ਹੁੰਦੇ ਰਹਿਣਗੇ। ਹਾਲ ਹੀ ਵਿੱਚ ਵਿਸ਼ਾਲ ਭਾਰਦਵਾਜ ਦੀ ਫ਼ਿਲਮ 'ਓ ਰੋਮੀਓ' ਵਿੱਚ ਵੀ ਉਨ੍ਹਾਂ ਦੀ ਆਵਾਜ਼ ਨੂੰ ਬਹੁਤ ਪਸੰਦ ਕੀਤਾ ਗਿਆ ਸੀ।

# ਮਸ਼ਹੂਰ ਯੂਟਿਊਬਰ ਨੇ ਕੀਤੀ ਖ਼ੁਦਕੁਸ਼ੀ, ਜਾਣੋ ਕਿਉਂ ਬੁਰੀ ਤਰ੍ਹਾਂ ਟੁੱਟੀ?



ਮਨੋਰੰਜਨ ਜਗਤ ਤੋਂ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਜਿਸ ਕਾਰਨ ਸੋਸ਼ਲ ਮੀਡੀਆ ਯੂਟਿਊਬਰ ਸਣੇ ਇੰਨਫਲੂਇੰਸਰਾਂ ਵਿਚਾਲੇ ਸੋਗ ਦਾ ਮਾਹੌਲ ਹੈ। ਦੱਸ ਦੇਈਏ ਕਿ ਮਸ਼ਹੂਰ ਯੂਟਿਊਬਰ ਦੀ ਮੌਤ ਦੀ ਖਬਰ ਨੇ ਕਈ ਹਸਤੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਦਰਅਸਲ, ਮਸ਼ਹੂਰ ਯੂਟਿਊਬਰ ਅਤੇ ਵਿਦਿਆਰਥਣ ਕੋਮਾਲੀ ਨੇ ਮਾਨਸਿਕ ਤਣਾਅ ਦੇ ਚਲਦਿਆਂ ਮੌਤ ਨੂੰ ਗਲੇ ਲਗਾ ਲਿਆ। ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਕੋਮਾਲੀ ਨੇ ਕੁਵੈਤ ਵਿੱਚ ਰਹਿ ਰਹੀ ਆਪਣੀ ਮਾਂ ਨੂੰ ਇੱਕ ਭਾਵੁਕ ਆਖਰੀ ਮੈਸੇਜ ਵੀ ਭੇਜਿਆ ਸੀ। ਉਸਨੇ ਲਿਖਿਆ ਸੀ, 'ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ, ਮੰਮੀ।' ਇਸ ਭਾਵੁਕ ਸੁਨੇਹੇ ਵਿੱਚ, ਉਸਨੇ ਆਪਣੀ ਮਾਂ ਨੂੰ ਆਪਣੇ ਛੋਟੇ ਭਰਾ ਦਾ ਧਿਆਨ ਰੱਖਣ ਦੀ ਬੇਨਤੀ ਵੀ ਕੀਤੀ ਸੀ।

### ਬ੍ਰੇਕਅੱਪ ਤੋਂ ਬਾਅਦ ਬੁਰੀ ਤਰ੍ਹਾਂ ਟੁੱਟੀ ਯੂਟਿਊਬਰ

ਮਿਲੀ ਜਾਣਕਾਰੀ ਅਨੁਸਾਰ, ਕੋਮਾਲੀ ਇੱਕ ਹੋਰ ਵਲੌਗਰ (Vlogger) ਨਾਲ ਪਿਛਲੇ 3 ਸਾਲਾਂ ਤੋਂ ਰਿਲੇਸ਼ਨਸ਼ਿਪ ਵਿੱਚ ਸੀ। ਦੋਵੇਂ ਵਿਸ਼ਾਖਾਪਟਨਮ ਦੇ ਹੀ ਰਹਿਣ ਵਾਲੇ ਸਨ। ਪਰ ਇੱਕ ਸਾਲ ਪਹਿਲਾਂ ਕੁਝ ਮੱਤਭੇਦਾਂ ਕਾਰਨ ਦੋਵਾਂ ਦਾ ਬ੍ਰੇਕਅੱਪ ਹੋ ਗਿਆ ਸੀ, ਜਿਸ ਕਾਰਨ ਉਹ ਕਾਫੀ ਤਣਾਅ ਵਿਚ ਸੀ। ਦੱਸਿਆ ਜਾ ਰਿਹਾ ਹੈ ਕਿ ਦੋ ਦਿਨ ਪਹਿਲਾਂ ਉਸ ਦੇ ਪ੍ਰੇਮੀ ਨੇ ਕੋਮਾਲੀ ਨੂੰ ਫੋਨ ਕੀਤਾ ਸੀ, ਜਿਸ ਦੌਰਾਨ ਦੋਵਾਂ ਵਿਚਾਲੇ ਕਾਫੀ ਬਹਿਸ ਹੋਈ ਸੀ। ਇਹ ਵੀ ਸਾਹਮਣੇ ਆਇਆ ਹੈ ਕਿ 6 ਮਹੀਨੇ ਪਹਿਲਾਂ ਵੀ ਕੋਮਾਲੀ ਨੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਕੋਮਾਲੀ ਇਸ ਬ੍ਰੇਕਅੱਪ ਕਾਰਨ ਲਗਾਤਾਰ ਮਾਨਸਿਕ ਪਰੇਸ਼ਾਨੀ ਵਿੱਚੋਂ ਗੁਜ਼ਰ ਰਹੀ ਸੀ।

ਘਟਨਾ ਦਾ ਉਦੋਂ ਪਤਾ ਲੱਗਾ, ਜਦੋਂ ਮਾਂ ਨੇ ਕੁਵੈਤ ਤੋਂ ਆਪਣੀ ਧੀ ਨੂੰ ਵਾਰ-ਵਾਰ ਫ਼ੋਨ ਕੀਤਾ, ਪਰ ਫ਼ੋਨ ਬੰਦ ਆ ਰਿਹਾ ਸੀ। ਘਬਰਾ ਕੇ, ਉਸਨੇ ਹੈਦਰਾਬਾਦ ਵਿੱਚ ਇੱਕ ਜਾਣਕਾਰ ਨੂੰ ਘਰ ਵਿਚ ਭੇਜਿਆ। ਦਰਵਾਜ਼ਾ ਖੜਕਾਉਣ 'ਤੇ ਕੋਈ ਜਵਾਬ ਨਾ ਮਿਲਣ 'ਤੇ ਜਦੋਂ ਦਰਵਾਜ਼ਾ ਤੋੜਿਆ ਗਿਆ ਤਾਂ ਕੋਮਾਲੀ ਦੀ ਲਾਸ਼ ਅੰਦਰੋਂ ਮਿਲੀ।

### ਸਾੜੀ ਨਾਲ ਫਾਹਾ ਲਗਾਇਆ

ਪੁਲਿਸ ਮੁਤਾਬਕ, ਵਿਸ਼ਾਖਾਪਟਨਮ ਦੀ ਰਹਿਣ ਵਾਲੀ ਕੋਮਾਲੀ ਇੱਥੇ ਮਣੀਕੋਂਡਾ ਸਥਿਤ ਚਿਤਰਪੁਰੀ ਕਲੋਨੀ ਵਿੱਚ ਆਪਣੇ ਚਾਚੇ ਦੇ ਘਰ ਰਹਿ ਰਹੀ ਸੀ। ਬੁੱਧਵਾਰ ਨੂੰ ਜਦੋਂ ਪਰਿਵਾਰਕ ਮੈਂਬਰ ਘਰ ਵਿੱਚ ਨਹੀਂ ਸਨ, ਤਾਂ ਕੋਮਾਲੀ ਨੇ ਸਾੜੀ ਨਾਲ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਕੋਮਾਲੀ ਮੱਲਾਰੈੱਡੀ ਯੂਨੀਵਰਸਿਟੀ ਵਿੱਚ ਬੀ.ਐੱਸ.ਸੀ (B.Sc) ਦੀ ਵਿਦਿਆਰਥਣ ਸੀ ਅਤੇ ਪੜ੍ਹਾਈ ਦੇ ਨਾਲ-ਨਾਲ ਪਾਰਟ-ਟਾਈਮ ਯੂਟਿਊਬ ਵੀਡੀਓਜ਼ ਬਣਾਉਂਦੀ ਸੀ। ਉਸ ਦੇ ਸੋਸ਼ਲ ਮੀਡੀਆ 'ਤੇ ਚੰਗੇ ਫਾਲੋਅਰਜ਼ ਸਨ। ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਕੋਮਾਲੀ ਦੀ ਮੌਤ ਨਾਲ ਉਸ ਦੇ ਚਾਹੁਣ ਵਾਲਿਆਂ ਅਤੇ ਸੋਸ਼ਲ ਮੀਡੀਆ ਜਗਤ ਵਿੱਚ ਸੋਗ ਦੀ ਲਹਿਰ ਹੈ।

# ਮਿੰਤਰਾ ਗਲੈਮਫੈਸਟ ਟੂਰ ਨੇ ਸੀਜੀਸੀ ਮੋਹਾਲੀ 'ਚ ਫ਼ੈਸ਼ਨ ਅਤੇ ਪੰਜਾਬੀ ਪਾਪ ਐਨਰਜੀ ਦਾ ਮਿਸ਼ਰਣ ਕੀਤਾ



ਚੰਡੀਗੜ੍ਹ : ਮਿੰਤਰਾ ਨੇ ਸੀਜੀਸੀ ਮੋਹਾਲੀ ਦੇ ਸਾਲਾਨਾ ਕਲਚਰਲ ਫ਼ੈਸਟੀਵਲ ਵਿਸਟੋਸੋ 2026 ਦੇ ਨਾਲ ਮਿਲ ਕੇ, ਇਕ ਸ਼ਾਨਦਾਰ ਕੈਂਪਸ ਸੈਲੀਬ੍ਰੇਸ਼ਨ ਦੇ ਨਾਲ ਮਿੰਤਰਾ ਗਲੈਮਫੈਸਟ ਟੂਰ ਨੂੰ ਚੰਡੀਗੜ੍ਹ ਵਿਚ ਲਿਆਂਦਾ। ਇਸ ਇਲਾਕੇ ਦੇ ਪ੍ਰਸਿੱਧ ਐਜੂਕੇਸ਼ਨ ਇੰਸਟੀਟਿਊਸ਼ਨ ਵਿਚੋਂ ਇਕ ਹੋਏ ਇਸ ਈਵੇਂਟ ਵਿਚ 14000 ਤੋਂ ਜ਼ਿਆਦਾ ਸਟੂਡੈਂਟਸ ਅਤੇ ਮਿਊਜ਼ਿਕ ਦੇ ਸ਼ੌਕੀਨ ਲੋਕ ਇਕੱਠੇ ਆਏ, ਜਿਸ ਨਾਲ ਕੈਂਪਸ ਫ਼ੈਸ਼ਨ ਡਿਸਕਵਰੀ, ਲਾਇਵ ਐਂਟਰਟੇਨਮੈਂਟ ਅਤੇ ਯੂਥ ਕਲਚਰ ਦੇ ਲਈ ਇਕ ਲਾਇਵਲੀ ਡੈਸਟੀਨੇਸ਼ਨ ਬਣ ਗਿਆ। ਚੰਡੀਗੜ੍ਹ ਐਡੀਸ਼ਨ ਵਿਚ ਪੂਰੇ ਦਿਨ ਜੋਸ਼ ਦੇ ਨਾਲ ਹਿੱਸਾ ਲਿਆ ਗਿਆ ਜਿਸ ਵਿੱਚ ਸਟੂਡੈਂਟਸ ਨੇ ਫੈਸ਼ਨ-ਲੈਡ ਐਕਟੀਵਿਟੀਜ਼, ਕੈਂਪਸ ਸ਼ੋਕੇਸ ਅਤੇ ਵੈਨਿਊ 'ਤੇ ਇੰਟਰੈਕਟਿਵ ਐਕਸਪੀਰੀਅੰਸ ਵਿਚ ਹਿੱਸਾ ਲਿਆ।

ਮਿੰਤਰਾ ਐਕਸਪੀਰੀਅੰਸ ਜ਼ੋਨ ਇਕ ਵੱਡਾ ਆਕਰਸ਼ਣ ਰਿਹਾ ਜਿਸ ਵਿਚ ਮਜ਼ੇਦਾਰ ਇੰਟਰੈਕਸ਼ਨ, ਸਟਾਇਲਿੰਗ ਮੋਮੈਂਟਸ ਅਤੇ ਵਿਜ਼ੂਅਲੀ ਇਮਰਸਿਵ ਇੰਸਟਾਲੇਸ਼ਨ ਸਨ, ਜਿਨ੍ਹਾਂ ਨੇ ਕ੍ਰਿਏਟੀਵਿਟੀ ਅਤੇ ਸੈਲਫ਼-ਐਕਸਪ੍ਰੈਸ਼ਨ ਨੂੰ ਉਤਸਾਹਤ ਕੀਤਾ। ਵਿਦਿਆਰਥੀਆਂ ਦੇ ਪਰਫ਼ਾਰਮੈਂਸ ਨੇ ਕੈਂਪਸ ਟੈਲੈਂਟ ਨੂੰ ਹਾਈਲਾਇਟ ਕੀਤਾ, ਜਦਕਿ ਰਿਵਾਰਡ-ਬੇਸਡ ਐਕਟੀਵਿਟੀਜ਼ ਨੇ ਆਨ-ਗ੍ਰਾਊਂਡ ਐਕਸਪੀਰੀਅੰਸ ਨੂੰ ਮਿੰਤਰਾ ਦੇ ਡਿਜੀਟਲ ਇਕੋਸਿਸਟਮ ਨਾਲ ਜੋੜਦੇ ਹੋਏ, ਸੀਮਲੈਸ ਅਗੇਂਜਮੈਂਟ ਨੂੰ ਇਨੇਬਲ ਕੀਤਾ। ਸ਼ਾਮ ਪੰਜਾਬੀ ਪਾਪ ਸੈਂਸੇਸ਼ਨ ਜੈਸਮਿਨ ਸੈਂਡਲਸ ਦੀ ਹਾਈ-ਐਨਰਜੀ ਪਰਫ਼ਾਰਮੈਂਸ ਦੇ ਨਾਲ ਅਪਣੇ ਪੀਕ +ਤੇ ਪਹੁੰਚ ਗਈ, ਜਿਨ੍ਹਾਂ ਦੇ ਹੈਡਲਾਇਨਿੰਗ ਐਕਟ ਨੇ ਲੋਕਾਂ ਨਾਲ ਜ਼ਬਰਦਸਤ ਰਿਸਪਾਂਸ ਪਾਇਆ।

ਉਨ੍ਹਾਂ ਦੇ ਚਾਰਟ-ਟੌਪਿੰਗ ਹਿਟਸ ਅਤੇ ਸਟੇਜ 'ਤੇ ਜ਼ਬਰਦਸਤ ਮੌਜੂਦਗੀ ਨੇ ਸਥਾਨ ਨੂੰ ਇਕ ਸਮੂਹਕ ਗਾਇਨ-ਨਾਲ ਵਿਚ ਬਦਲ ਦਿਤਾ ਜਿਸ ਨਾਲ ਇਹ ਹਾਜ਼ਰੀਨ ਲਈ ਇਕ ਅਭੁੱਲ ਸ਼ਾਮ ਵਿਚ ਬਦਲ ਗਈ। ਮਿੰਤਰਾ ਗਲੈਮਫੈਸਟ ਟੂਰ 'ਤੇ ਟਿਪਣੀ ਕਰਦੇ ਹੋਏ, ਮਿੰਤਰਾ ਦੇ ਸੀਨੀਅਰ ਡਾਇਰੈਕਟਰ ਆਫ਼ ਬ੍ਰਾਂਡ, ਅਭਿਸ਼ੇਕ ਗੌਰ ਨੇ ਕਿਹਾ ਕਿ ਨੌਜਵਾਨਾਂ ਦੀ ਸ਼ਮੂਲੀਅਤ ਲਈ ਸਾਡਾ ਦ੍ਰਿਸ਼ਟੀਕੋਣ ਰਿਵਾਇਤੀ ਬ੍ਰਾਂਡ ਇੰਟਰੈਕਸ਼ਨ ਤੋਂ ਅੱਗੇ ਵਧ ਕੇ ਅਜਿਹੇ ਫ਼ਾਰਮੈਟ ਵਿਚ ਡਵੈਲਪ ਹੋ ਰਿਹਾ ਹੈ ਜੋ ਐਕਸਪੀਰੀਅੰਸ-ਲੈਡ ਅਤੇ ਕਮਿਊਨਿਟੀ-ਡ੍ਰਿਵਨ ਹਨ। ਸੀਜੀਸੀ ਮੋਹਾਲੀ ਵਿਚ ਮਿੰਤਰਾ ਗਲੈਮਫੈਸਟ ਟੂਰ ਦੇ ਨਾਲ, ਅਸੀਂ ਯੰਗ ਆਡੀਅੰਸ ਨਾਲ ਇਸ ਤਰ੍ਹਾਂ ਜੁੜੇ ਜੋ ਕੈਂਪਸ ਦੇ ਮਾਹੌਲ ਲਈ ਆਥੈਂਟਿਕ ਲੱਗਿਆ ਅਤੇ ਇਹ ਦਿਖਾਉਂਦਾ ਹੈ ਕਿ ਜਿਨ ਜ਼ੈੱਡ ਫੈਸ਼ਨ ਦੇ ਨਾਲ ਕਿਵੇਂ ਇੰਟਰੈਕਟ ਕਰਦਾ ਹੈ, ਜਿਸ ਨਾਲ ਟਰੈਂਡ ਡਿਸਕਵਰੀ ਜ਼ਿਆਦਾ ਇੰਟਿਊਟਿਵ, ਸੋਸ਼ਲ ਅਤੇ ਡੂੰਘਾਈ ਨਾਲ ਜੁੜੀ ਹੋਈ ਲਗਦੀ ਹੈ।"

# ਇਸ ਮਸ਼ਹੂਰ ਗਾਇਕ ਦਾ ਲੰਡਨ 'ਚ ਹੋਇਆ ਐਕਸੀਡੈਂਟ, ਸਦਮੇ ਵਿਚ ਪ੍ਰਸ਼ੰਸਕ



ਲੰਡਨ : ਅਪਣੇ ਸਟੇਜ ਨਾਮ ਮੰਜ਼ ਮੂਸਿਕ ਨਾਲ ਮਸ਼ਹੂਰ ਗਾਇਕ ਮਨਜੀਤ ਸਿੰਘ ਰਾਲ ਲੰਡਨ 'ਚ ਇਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ ਹਨ। ਹਾਦਸੇ ਤੋਂ ਬਾਅਦ ਗਾਇਕ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਇਸ ਮੰਦਭਾਗੀ ਘਟਨਾ ਕਾਰਨ ਉਨ੍ਹਾਂ ਨੂੰ ਅਪਣੀ ਭਾਰਤ ਯਾਤਰਾ ਰੱਦ ਕਰਨੀ ਪਈ ਹੈ।

ਮਨਜੀਤ ਸਿੰਘ ਰਾਲ ਨੇ ਮੁੰਬਈ 'ਚ ਹੋਣ ਵਾਲੇ 'ਜ਼ੀ ਸਿਨੇ ਐਵਾਰਡਸ 2026' 'ਚ ਇਕ ਵੱਡੀ ਪਰਫ਼ਾਰਮੈਂਸ ਦੇਣੀ ਸੀ ਪਰ ਹਾਦਸੇ ਕਾਰਨ ਉਹ ਹੁਣ ਇਸ ਸ਼ੋਅ ਦਾ ਹਿੱਸਾ ਨਹੀਂ ਬਣ ਸਕਣਗੇ। ਹਾਲਾਂਕਿ ਉਨ੍ਹਾਂ ਦੀਆਂ ਸੱਟਾਂ ਕਿੰਨੀਆਂ ਗੰਭੀਰ ਹਨ, ਇਸ ਬਾਰੇ ਅਜੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਮਿਲੀ ਹੈ।

ਮਨਜੀਤ ਸਿੰਘ ਰਾਲ ਮਸ਼ਹੂਰ ਬ੍ਰਿਟਿਸ਼-ਇੰਡੀਅਨ ਬੈਂਡ ਆਰ.ਡੀ.ਬੀ (ਰਿਦਮ, ਢੋਲ, ਬੇਸ) ਦੇ ਸਾਬਕਾ ਮੁੱਖ ਗਾਇਕ ਰਹੇ ਹਨ। ਉਨ੍ਹਾਂ ਨੇ 2000 ਦੇ ਦਹਾਕੇ ਦੀ ਸ਼ੁਰੂਆਤ 'ਚ ਅਪਣੇ ਭਰਾਵਾਂ ਕੁਲੀ (ਕੁਲਦੀਪ ਰਾਲ) ਅਤੇ ਸੁਰਜੀਤ ਸਿੰਘ ਨਾਲ ਮਿਲ ਕੇ ਇਸ ਬੈਂਡ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਦੇ ਸੰਗੀਤ ਸਫ਼ਰ ਦੀ ਸ਼ੁਰੂਆਤ ਸਥਾਨਕ ਗੁਰਦੁਆਰਿਆਂ 'ਚ ਪਰਫ਼ਾਰਮ ਕਰਨ ਨਾਲ ਹੋਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਬਾਲੀਵੁੱਡ ਅਤੇ ਅੰਤਰਰਾਸ਼ਟਰੀ ਸੰਗੀਤ ਨੂੰ ਮਿਲਾ ਕੇ ਪ੍ਰਵਾਸੀ ਸੰਗੀਤ ਨੂੰ ਇਕ ਨਵੀਂ ਪਰਿਭਾਸ਼ਾ ਦਿਤੀ।







# ਆਲ ਇੰਗਲੈਂਡ ਚੈਂਪੀਅਨਸ਼ਿਪ 'ਚੋਂ ਬਾਹਰ ਹੋ ਸਕਦੀ ਹੈ ਸਿੰਧੂ



ਓਲੰਪਿਕ ਤਗ਼ਮਾ ਜੇਤੂ ਭਾਰਤੀ ਸ਼ਟਲਰ ਪੀ ਵੀ ਸਿੰਧੂ ਮੰਗਲਵਾਰ ਤੋਂ ਸ਼ੁਰੂ ਹੋ ਰਹੀ ਆਲ ਇੰਗਲੈਂਡ ਚੈਂਪੀਅਨਸ਼ਿਪ 'ਚੋਂ ਬਾਹਰ ਹੋ ਸਕਦੀ ਹੈ। ਅਮਰੀਕਾ ਤੇ ਇਜ਼ਰਾਈਲ ਵੱਲੋਂ ਇਰਾਨ 'ਤੇ ਕੀਤੀ ਬੰਬਾਰੀ ਅਤੇ ਤਹਿਰਾਨ ਦੇ ਜਵਾਬੀ ਹਮਲੇ ਦੇ ਸਿੱਟੇ ਵਜੋਂ ਖਾੜੀ ਖਿੱਤੇ 'ਚ ਹਵਾਈ ਖੇਤਰ ਬੰਦ ਕੀਤੇ ਜਾਣ ਕਰਕੇ ਸਿੰਧੂ ਇਸ ਵੇਲੇ ਦੁਬਈ ਵਿੱਚ ਅਟਕੀ ਹੋਈ ਹੈ। ਸਿੰਧੂ ਤੇ ਉਸ ਦੀ ਟੀਮ, ਜਿਸ ਵਿੱਚ ਇੰਡੋਨੇਸ਼ਿਆਈ ਕੋਚ ਇਰਵਾਨਸਿਆਹ ਆਦੀ ਪ੍ਰਤਾਮਾ ਵੀ ਸ਼ਾਮਲ ਹੈ, ਆਪਣੀ ਠਹਿਰ ਵਾਲੀ ਥਾਂ ਨੇੜੇ ਹੋਏ ਧਮਾਕੇ 'ਚ ਵਾਲ ਵਾਲ ਬਚ ਗਏ। ਖਾੜੀ ਵਿੱਚ ਤਣਾਅ ਵਧਣ ਮਗਰੋਂ ਉਨ੍ਹਾਂ ਨੂੰ ਸੁਰੱਖਿਅਤ ਟਿਕਾਣੇ 'ਤੇ ਤਬਦੀਲ ਕਰ ਦਿੱਤਾ ਗਿਆ ਹੈ।

ਭਾਰਤੀ ਸ਼ਟਲਰ ਨੇ ਆਲ ਇੰਗਲੈਂਡ ਚੈਂਪੀਅਨਸ਼ਿਪ ਦੇ ਆਪਣੇ ਸ਼ੁਰੂਆਤੀ ਮੁਕਾਬਲੇ ਵਿੱਚ ਥਾਈਲੈਂਡ ਦੀ ਸੁਪਾਨੀਦਾ ਕੇਤਥੌਂਗ ਨਾਲ ਖੇਡਣਾ ਸੀ, ਪਰ ਦੁਬਈ ਹਵਾਈ ਅੱਡਾ ਤੇ ਹਵਾਈ ਖੇਤਰ ਲਗਾਤਾਰ ਬੰਦ ਰਹਿਣ ਕਰਕੇ ਸਿੰਧੂ ਨੂੰ ਟੂਰਨਾਮੈਂਟ 'ਚੋਂ ਬਾਹਰ ਬੈਠਣ ਲਈ ਮਜਬੂਰ ਹੋਣਾ ਪੈ ਸਕਦਾ ਹੈ। ਚੈਂਪੀਅਨਸ਼ਿਪ 'ਚ ਸਿੰਧੂ ਦੀ ਸ਼ਮੂਲੀਅਤ ਬਾਰੇ ਬੇਯਕੀਨੀ ਬਰਕਰਾਰ ਹੈ, ਪਰ ਉਸ ਦੇ ਸਾਥੀ ਸ਼ਟਲਰ ਸਿੰਗਾਪੁਰ ਤੇ ਅਫਰੀਕਾ ਦੇ ਬਦਲਵੇਂ ਰੂਟ ਲੈ ਕੇ ਬਰਮਿੰਘਮ ਪਹੁੰਚਣ ਵਿੱਚ ਸਫਲ ਰਹੇ ਹਨ। ਪੁਰਸ਼ ਵਰਗ 'ਚ ਸਿੰਗਲਜ਼ ਖਿਤਾਬ ਦੇ ਦਾਅਵੇਦਾਰ ਲਕਸ਼ੈ ਸੈਨ ਤੇ ਨੌਜਵਾਨ ਖਿਡਾਰੀ ਆਯੂਸ਼ ਸ਼ੈੱਟੀ ਬਿਨਾਂ ਕਿਸੇ ਦਿੱਕਤ ਦੇ ਆਪਣੇ ਟਿਕਾਣੇ 'ਤੇ ਪਹੁੰਚ ਗਏ ਹਨ। ਲਕਸ਼ੈ ਚੀਨ ਦੇ ਨੰਬਰ 1 ਖਿਡਾਰੀ ਸ਼ੀ ਯੂ ਕੀ ਖਿਲਾਫ਼ ਆਪਣਾ ਸ਼ੁਰੂਆਤੀ ਮੁਕਾਬਲਾ ਖੇਡੇਗਾ।

# ਪਾਕਿਸਤਾਨੀ ਕ੍ਰਿਕਟਰਾਂ ਨੂੰ 50-50 ਲੱਖ ਦਾ ਜੁਰਮਾਨਾ



ਪਾਕਿਸਤਾਨ ਕ੍ਰਿਕਟ ਬੋਰਡ (PCB) ਨੇ ਟੀ-20 ਵਿਸ਼ਵ ਕੱਪ 2026 ਦੇ ਸੁਪਰ-8 ਪੜਾਅ ਵਿੱਚੋਂ ਬਾਹਰ ਹੋਣ ਤੋਂ ਬਾਅਦ ਕੌਮੀ ਟੀਮ ਦੇ ਮੁੱਖ ਖਿਡਾਰੀਆਂ 'ਤੇ ਭਾਰੀ ਵਿੱਤੀ ਜੁਰਮਾਨਾ ਲਗਾਇਆ ਹੈ। ਰਿਪੋਰਟਾਂ ਅਨੁਸਾਰ, ਕਪਤਾਨ ਬਾਬਰ ਆਜ਼ਮ, ਤੇਜ਼ ਗੇਂਦਬਾਜ਼ ਸ਼ਾਹੀਨ ਅਫ਼ਰੀਦੀ ਅਤੇ ਆਲਰਾਊਂਡਰ ਸ਼ਾਦਾਬ ਖਾਨ ਸਮੇਤ ਹਰ ਮਾੜਾ ਪ੍ਰਦਰਸ਼ਨ ਕਰਨ ਵਾਲੇ ਖਿਡਾਰੀ ਨੂੰ 50 ਲੱਖ ਪਾਕਿਸਤਾਨੀ ਰੁਪਏ (ਲਗਪਗ 15 ਲੱਖ ਭਾਰਤੀ ਰੁਪਏ) ਦਾ ਜੁਰਮਾਨਾ ਕੀਤਾ ਗਿਆ ਹੈ। ਇਹ ਫੈਸਲਾ ਪਿਛਲੇ ਮਹੀਨੇ ਸ਼੍ਰੀਲੰਕਾ ਵਿੱਚ ਭਾਰਤ ਹੱਥੋਂ ਮਿਲੀ ਹਾਰ ਅਤੇ ਟੂਰਨਾਮੈਂਟ ਵਿੱਚੋਂ ਜਲਦੀ ਬਾਹਰ ਹੋਣ ਤੋਂ ਬਾਅਦ ਲਿਆ ਗਿਆ ਹੈ।ਪਾਕਿਸਤਾਨ ਨੇ ਨਾਮੀਬੀਆ ਅਤੇ ਅਮਰੀਕਾ ਵਰਗੀਆਂ ਛੋਟੀਆਂ ਟੀਮਾਂ ਨੂੰ ਹਰਾ ਕੇ ਸੁਪਰ-8 ਵਿੱਚ ਜਗ੍ਹਾ ਬਣਾਈ ਸੀ, ਪਰ ਅਗਲੇ ਪੜਾਅ ਵਿੱਚ ਟੀਮ ਦਾ ਪ੍ਰਦਰਸ਼ਨ ਬਹੁਤ ਖ਼ਰਾਬ ਰਿਹਾ।

ਸੂਤਰਾਂ ਅਨੁਸਾਰ, ਪਾਕਿਸਤਾਨ ਕ੍ਰਿਕਟ ਬੋਰਡ ਨੇ ਹੁਣ ਸਖ਼ਤ ਰੁਖ ਅਪਣਾਉਣ ਦਾ ਫੈਸਲਾ ਕੀਤਾ ਹੈ। ਬੋਰਡ ਦਾ ਕਹਿਣਾ ਹੈ ਕਿ ਮਾੜੇ ਪ੍ਰਦਰਸ਼ਨ ਨੂੰ ਵਾਰ-ਵਾਰ ਨਜ਼ਰਅੰਦਾਜ਼ ਨਹੀਂ ਕੀਤਾ

# ਖਿਡਾਰੀਆਂ 'ਤੇ ਜੁਰਮਾਨੇ ਲਾਉਣ ਬਾਰੇ ਵਿਚਾਰ ਕਰ ਰਿਹੈ ਪੀ ਸੀ ਬੀ

## ਟੀ20 ਵਿਸ਼ਵ ਕੱਪ 'ਚੋਂ ਅਗਾਊਂ ਰੁਖ਼ਸਤਗੀ ਤੋਂ ਨਾਰਾਜ਼ ਹੈ ਪਾਕਿਸਤਾਨ ਕ੍ਰਿਕਟ ਬੋਰਡ



ਟੀ-20 ਕ੍ਰਿਕਟ ਵਿਸ਼ਵ ਕੱਪ ਵਿੱਚ ਪਾਕਿਸਤਾਨ ਦੀ ਅਗਾਊਂ ਰੁਖ਼ਸਤਗੀ ਤੋਂ ਨਾਰਾਜ਼ ਪਾਕਿਸਤਾਨ ਕ੍ਰਿਕਟ ਬੋਰਡ (ਪੀ ਸੀ ਬੀ) ਖਿਡਾਰੀਆਂ 'ਤੇ ਉਨ੍ਹਾਂ ਦੇ ਮਾੜੇ ਪ੍ਰਦਰਸ਼ਨ ਲਈ ਵਿੱਤੀ ਜੁਰਮਾਨੇ ਲਗਾਉਣ ਬਾਰੇ ਵਿਚਾਰ ਕਰ ਰਿਹਾ ਹੈ। ਇਤਬਾਰੀ ਸੂਤਰ ਨੇ ਕਿਹਾ ਕਿ ਪੀ ਸੀ ਬੀ ਵੱਲੋਂ ਖਿਡਾਰੀਆਂ ਦੇ ਮਿਹਨਤਾਨੇ 'ਚੋਂ ਕਟੌਤੀ ਦੀਆਂ ਖ਼ਬਰਾਂ ਗ਼ਲਤ ਸਨ, ਪਰ ਭਾਰਤ ਤੇ ਸ੍ਰੀਲੰਕਾ ਦੀ ਸਾਂਝੀ ਮੇਜ਼ਬਾਨੀ ਵਾਲੇ ਇਸ ਟੂਰਨਾਮੈਂਟ ਦੇ ਸੁਪਰ 8 ਪੜਾਅ 'ਚੋਂ ਟੀਮ ਦੇ ਬਾਹਰ ਹੋਣ ਕਰਕੇ ਮਾੜੀ ਕਾਰਗੁਜ਼ਾਰੀ ਵਾਲੇ ਖਿਡਾਰੀਆਂ ਖਿਲਾਫ਼ ਢੁਕਵੀਂ ਕਾਰਵਾਈ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਸੂਤਰ ਨੇ ਬਹੁਤੀ ਤਫ਼ਸੀਲ ਸਾਂਝਿਆਂ ਕਰਨ ਤੋਂ ਇਨਕਾਰ ਕਰਦਿਆਂ ਇਸ ਖ਼ਬਰ ਏਜੰਸੀ ਨੂੰ ਦੱਸਿਆ, ''ਹਾਲ ਦੀ ਘੜੀ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਪਰ ਖਿਡਾਰੀਆਂ 'ਤੇ ਜੁਰਮਾਨੇ ਲਾਉਣ ਦੀ ਤਜਵੀਜ਼ ਜ਼ਰੂਰ ਵਿਚਾਰਧੀਨ ਹੈ।'' ਉਸ ਨੇ ਕਿਹਾ ਕਿ ਇਸ ਗੱਲ 'ਤੇ ਬਹਿਸ ਜਾਰੀ ਹੈ ਕਿ ਕੀ ਖਿਡਾਰੀਆਂ ਨੂੰ ਵਿੱਤੀ ਜੁਰਮਾਨੇ ਲਾਉਣਾ ਸਹੀ ਕਦਮ ਹੋਵੇਗਾ। ਚੇਤੇ ਰਹੇ ਕਿ ਪਾਕਿਸਤਾਨ ਸੈਮੀ ਫਾਈਨਲ ਲਈ ਕੁਆਲੀਫਾਈ ਕਰਨ ਵਿੱਚ ਅਸਫਲ ਰਿਹਾ ਅਤੇ ਰਵਾਇਤੀ ਵਿਰੋਧੀ ਭਾਰਤ ਅਤੇ ਇੰਗਲੈਂਡ ਵਰਗੀਆਂ ਵੱਡੀਆਂ ਟੀਮਾਂ ਤੋਂ ਹਾਰ ਗਿਆ ਜਦੋਂ ਕਿ ਨਿਊਜ਼ੀਲੈਂਡ ਖ਼ਿਲਾਫ਼ ਸੁਪਰ 8 ਮੁਕਾਬਲਾ ਮੀਂਹ ਦੀ ਭੇਟ ਚੜ੍ਹ ਗਿਆ। ਟੀਮ ਨੇ ਆਪਣੇ ਆਖ਼ਰੀ ਸੁਪਰ 8 ਮੈਚ ਵਿੱਚ ਸ੍ਰੀਲੰਕਾ ਨੂੰ ਹਰਾਇਆ ਪਰ ਸੈਮੀ ਫਾਈਨਲ ਲਈ ਕੁਆਲੀਫਾਈ ਨਹੀਂ ਕਰ ਸਕੀ। ਸੂਤਰ ਅਨੁਸਾਰ ਖਿਡਾਰੀਆਂ ਦੇ ਪ੍ਰਦਰਸ਼ਨ ਨੇ ਨਾ ਸਿਰਫ਼ ਪੀ ਸੀ ਬੀ ਨੂੰ, ਸਗੋਂ ਸਰਕਾਰ 'ਚ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਵੀ ਪ੍ਰੇਸ਼ਾਨ ਕੀਤਾ ਹੈ। ਪਾਕਿਸਤਾਨੀ ਖਿਡਾਰੀ ਵੀ ਸ੍ਰੀਲੰਕਾ ਤੋਂ ਛੋਟੇ ਸਮੂਹਾਂ ਵਿੱਚ ਚੁੱਪ-ਚਾਪ ਘਰ ਪਰਤ ਗਏ। ਕਪਤਾਨ ਸਲਮਾਨ ਅਲੀ ਆਗ਼ਾ ਅਤੇ ਬੱਲੇਬਾਜ਼ ਬਾਬਰ ਆਜ਼ਮ ਤੇ ਕੁਝ ਹੋਰ ਖਿਡਾਰੀ ਐਤਵਾਰ ਰਾਤੀਂ ਲਾਹੌਰ ਪਹੁੰਚੇ। ਖਿਡਾਰੀ, ਜਿਨ੍ਹਾਂ ਕੋਲ ਕੇਂਦਰੀ ਇਕਰਾਰਨਾਮੇ ਹਨ, ਉਨ੍ਹਾਂ ਨੂੰ ਮਹੀਨਾਵਾਰ ਰਿਟੇਨਰ ਤੇ ਮੈਚ ਫੀਸ ਅਤੇ ਬੋਰਡ ਦੇ ਟੀਮ ਸਪਾਂਸਰਸ਼ਿਪ ਸੌਦਿਆਂ ਵਿੱਚ ਬੋਨਸ ਅਤੇ ਹਿੱਸੇਦਾਰੀ ਮਿਲਦੀ ਹੈ।

# ICC ਟੂਰਨਾਮੈਂਟ 'ਚ ਪੰਜਵੀਂ ਵਾਰ ਹੋਵੇਗਾ ਭਾਰਤ-ਇੰਗਲੈਂਡ ਸੈਮੀਫਾਈਨਲ

## ਹੁਣ ਤੱਕ ਮੁਕਾਬਲਾ 2-2 ਨਾਲ ਰਿਹਾ ਬਰਾਬਰ



ਭਾਰਤ ਅਤੇ ਇੰਗਲੈਂਡ ਪੰਜਵੀਂ ਵਾਰ ਕਿਸੇ ਆਈਸੀਸੀ ਟੂਰਨਾਮੈਂਟ ਦੇ ਸੈਮੀਫਾਈਨਲ ਵਿੱਚ ਇੱਕ ਦੂਜੇ ਦਾ ਸਾਹਮਣਾ ਕਰਨਗੇ। ਹੁਣ ਤੱਕ ਖੇਡੇ ਗਏ ਚਾਰ ਮੈਚਾਂ ਵਿੱਚ, ਦੋਵੇਂ ਟੀਮਾਂ 2-2 ਜਿੱਤਾਂ ਨਾਲ ਬਰਾਬਰ ਹਨ। ਦਿਲਚਸਪ ਗੱਲ ਇਹ ਹੈ ਕਿ ਜਦੋਂ ਵੀ ਭਾਰਤ ਨੇ ਸੈਮੀਫਾਈਨਲ ਵਿੱਚ ਇੰਗਲੈਂਡ ਨੂੰ ਹਰਾਇਆ ਹੈ, ਭਾਰਤ ਨੇ ਵੀ ਖਿਤਾਬ ਜਿੱਤਿਆ ਹੈ।

ਪਹਿਲਾ ਭਾਰਤ-ਇੰਗਲੈਂਡ ਸੈਮੀਫਾਈਨਲ 1983 ਦੇ ਇੱਕ ਰੋਜ਼ਾ ਵਿਸ਼ਵ ਕੱਪ ਵਿੱਚ ਹੋਇਆ ਸੀ। ਭਾਰਤ ਨੇ ਇੰਗਲੈਂਡ ਨੂੰ ਹਰਾਇਆ ਅਤੇ ਫਿਰ ਫਾਈਨਲ ਵਿੱਚ ਵੈਸਟਇੰਡੀਜ਼ ਨੂੰ ਹਰਾ ਕੇ ਖਿਤਾਬ ਜਿੱਤਿਆ। ਦੋਵੇਂ ਟੀਮਾਂ ਆਖਰੀ ਵਾਰ 2024 ਦੇ ਟੀ-20 ਵਿਸ਼ਵ ਕੱਪ ਵਿੱਚ ਸੈਮੀਫਾਈਨਲ ਵਿੱਚ ਆਹਮੋ ਸਾਹਮਣੇ ਹੋਈਆਂ ਸਨ। ਭਾਰਤ ਨੇ ਇੰਗਲੈਂਡ ਨੂੰ ਹਰਾਇਆ ਅਤੇ ਫਿਰ ਫਾਈਨਲ ਵਿੱਚ ਦੱਖਣੀ ਅਫਰੀਕਾ ਨੂੰ ਹਰਾ ਕੇ ਖਿਤਾਬ ਜਿੱਤਿਆ।

ਭਾਰਤ-ਇੰਗਲੈਂਡ ਸੈਮੀਫਾਈਨਲ 1987 ਦੇ ਇੱਕ ਰੋਜ਼ਾ ਵਿਸ਼ਵ ਕੱਪ ਅਤੇ 2022 ਦੇ ਟੀ-20 ਵਿਸ਼ਵ ਕੱਪ ਵਿੱਚ ਵੀ ਹੋਏ ਸਨ, ਜਿਸ ਵਿੱਚ ਇੰਗਲੈਂਡ ਨੇ ਦੋਵੇਂ ਵਾਰ ਜਿੱਤ ਪ੍ਰਾਪਤ ਕੀਤੀ ਸੀ।

# ਆਸਟ੍ਰੇਲੀਆ ਨੇ ਭਾਰਤ ਨੂੰ 185 ਦੌੜਾਂ ਨਾਲ ਹਰਾਇਆ, ਤੀਜਾ ਮਹਿਲਾ ਇਕਰੋਜ਼ਾ ਮੈਚ



ਹੋਬਾਰਟ: ਭਾਰਤੀ ਮਹਿਲਾ ਟੀਮ ਨੂੰ ਆਸਟ੍ਰੇਲੀਆ ਦੌਰੇ 'ਤੇ 3-0 ਨਾਲ ਇੱਕ ਰੋਜ਼ਾ ਲੜੀ ਦੀ ਹਾਰ ਦਾ ਸਾਹਮਣਾ ਕਰਨਾ ਪਿਆ। ਆਖਰੀ ਮੈਚ ਵਿੱਚ, ਕਪਤਾਨ ਅਲਿਸਾ ਹੀਲੀ ਨੇ ਆਪਣੇ ਆਖਰੀ ਇੱਕ ਰੋਜ਼ਾ ਵਿੱਚ 98 ਗੇਂਦਾਂ ਵਿੱਚ 158 ਦੌੜਾਂ ਬਣਾਈਆਂ, ਜਿਸ ਨਾਲ ਟੀਮ 409 ਦੌੜਾਂ ਦੇ ਵਿਸ਼ਾਲ ਸਕੋਰ ਤੱਕ ਪਹੁੰਚ ਗਈ। ਜਵਾਬ ਵਿੱਚ ਭਾਰਤੀ ਟੀਮ 45.1 ਓਵਰਾਂ ਵਿੱਚ ਸਿਰਫ਼ 224 ਦੌੜਾਂ ਹੀ ਬਣਾ ਸਕੀ, ਜਿਸ ਨਾਲ ਮੈਚ 185 ਦੌੜਾਂ ਨਾਲ ਹਾਰ ਗਈ।

ਹੀਲੀ ਆਪਣੇ ਆਖਰੀ ਇੱਕ ਰੋਜ਼ਾ ਵਿੱਚ ਸੈਂਕੜਾ ਲਗਾਉਣ ਵਾਲੀ ਸਿਰਫ਼ ਦੂਜੀ ਮਹਿਲਾ ਕ੍ਰਿਕਟਰ ਹੈ। ਪਿਛਲਾ ਇੱਕ ਦੱਖਣੀ ਅਫਰੀਕਾ ਦੀ ਜੋਹਮਾਰੀ ਲੋਟੇਗਬਰਗ ਸੀ, ਜਿਸ ਨੇ 2007 ਵਿੱਚ ਨੀਦਰਲੈਂਡਜ਼ ਵਿਰੁੱਧ ਸੈਂਕੜਾ ਲਗਾਇਆ ਸੀ।

**ਹੀਲੀ ਨੇ 27 ਚੌਕੇ ਅਤੇ ਦੋ ਛੱਕੇ ਲਗਾਏ**

ਭਾਰਤ ਦੀ ਕਪਤਾਨ ਹਰਮਨਪ੍ਰੀਤ ਕੌਰ ਨੇ ਹੋਬਾਰਟ ਦੇ ਬੇਲੇਰਾਈਵ ਓਵਲ ਵਿੱਚ ਖੇਡੇ ਗਏ ਮੈਚ ਵਿੱਚ ਟਾਸ ਜਿੱਤਿਆ। ਹੀਲੀ ਦੇ ਆਖਰੀ ਇੱਕ ਰੋਜ਼ਾ ਕਾਰਨ ਮੈਚ ਇੱਕ ਖਾਸ ਮਾਹੌਲ ਨਾਲ ਸ਼ੁਰੂ ਹੋਇਆ। ਭਾਰਤੀ ਖਿਡਾਰੀਆਂ ਨੇ ਉਸ ਨੂੰ ਗਾਰਡ ਆਫ਼ ਆਨਰ ਦਿੱਤਾ। ਰੇਣੂਕਾ ਸਿੰਘ ਨੇ ਸ਼ੁਰੂ ਵਿੱਚ ਇੱਕ ਮੇਡਨ ਓਵਰ ਸੁੱਟਿਆ, ਪਰ ਉਸ ਤੋਂ ਬਾਅਦ, ਹੀਲੀ ਨੇ ਤੇਜ਼ੀ ਨਾਲ ਦੌੜਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।

**ਭਾਰਤ ਦੀ ਸ਼ੁਰੂਆਤ ਮਾੜੀ ਰਹੀ**

ਟੀਚੇ ਦਾ ਪਿੱਛਾ ਕਰਦੇ ਹੋਏ ਭਾਰਤ ਦੀ ਸ਼ੁਰੂਆਤ ਮਾੜੀ ਰਹੀ। ਨਿਕੋਲਾ ਕੈਰੀ ਨੇ ਦੂਜੇ ਓਵਰ ਵਿੱਚ ਸਮ੍ਰਿਤੀ ਮੰਧਾਨਾ ਨੂੰ ਆਊਟ ਕਰ ਦਿੱਤਾ। ਪ੍ਰਤੀਕਾ ਰਾਵਲ ਅਤੇ ਜੇਮੀਮਾ ਰੌਡਰਿਗਜ਼ ਨੇ 54 ਦੌੜਾਂ ਦੀ ਤੇਜ਼ ਸਾਂਝੇਦਾਰੀ ਕੀਤੀ, ਪਰ ਟੀਮ ਨਿਯਮਤ ਅੰਤਰਾਲਾਂ 'ਤੇ ਵਿਕਟਾਂ ਗੁਆਉਂਦੀ ਰਹੀ। ਜੇਮੀਮਾ ਨੇ 29 ਗੇਂਦਾਂ 'ਤੇ 42 ਦੌੜਾਂ ਬਣਾਈਆਂ।

ਭਾਰਤ ਨੇ 20 ਓਵਰਾਂ ਦੇ ਅੰਦਰ ਚਾਰ ਮਹੱਤਵਪੂਰਨ ਵਿਕਟਾਂ ਗੁਆ ਦਿੱਤੀਆਂ। ਫਿਰ ਅਲਾਨਾ ਕਿੰਗ ਨੇ ਰਿਚਾ ਘੋਸ਼ ਅਤੇ ਕਾਸ਼ਵੀ ਗੌਤਮ ਨੂੰ ਆਊਟ ਕੀਤਾ, ਜਿਸ ਨਾਲ ਮੈਚ ਪੂਰੀ ਤਰ੍ਹਾਂ ਆਸਟ੍ਰੇਲੀਆ ਦੇ ਹੱਕ ਵਿੱਚ ਹੋ ਗਿਆ। ਕਿੰਗ ਨੇ 33 ਦੌੜਾਂ ਦੇ ਕੇ 4 ਵਿਕਟਾਂ ਲਈਆਂ। ਦੀਪਤੀ ਸ਼ਰਮਾ ਅਤੇ ਸਨੇਹ ਰਾਣਾ ਨੇ 63 ਦੌੜਾਂ ਜੋੜ ਕੇ ਸਕੋਰ 200 ਤੋਂ ਪਾਰ ਕਰ ਦਿੱਤਾ, ਪਰ ਟੀਮ ਜਿੱਤ ਤੋਂ ਬਹੁਤ ਦੂਰ ਰਹਿ ਗਈ। ਇਸ ਜਿੱਤ ਨਾਲ, ਆਸਟ੍ਰੇਲੀਆ ਨੇ ਵਨਡੇ ਸੀਰੀਜ਼ 3-0 ਨਾਲ ਜਿੱਤ ਲਈ।

# T20 ਵਿਸ਼ਵ ਕੱਪ ਵਿਚਾਲੇ ਵੱਡਾ ਸੰਕਟ

## ਇਜ਼ਰਾਈਲ-ਈਰਾਨ ਯੁੱਧ ਦੀ ਵਜ੍ਹਾ ਨਾਲ ਫਸੇ ਆਹ ਟੀਮ ਦੇ ਖਿਡਾਰੀ

2026 ਟੀ-20 ਵਿਸ਼ਵ ਕੱਪ ਦੌਰਾਨ ਪੱਛਮੀ ਏਸ਼ੀਆ ਵਿੱਚ ਵੱਧ ਰਹੇ ਤਣਾਅ ਦਾ ਅਸਰ ਹੁਣ ਕ੍ਰਿਕਟ ਟੀਮਾਂ ਦੀ ਯਾਤਰਾ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਟੂਰਨਾਮੈਂਟ ਤੋਂ ਬਾਹਰ ਹੋਈ ਜ਼ਿੰਬਾਬਵੇ ਟੀਮ ਇਸ ਸਮੇਂ ਭਾਰਤ ਵਿੱਚ ਰਹਿਣ ਲਈ ਮਜਬੂਰ ਹੈ ਕਿਉਂਕਿ ਦੁਬਈ ਹਵਾਈ ਅੱਡੇ ਦੇ ਕੰਮਕਾਜ ਵਿੱਚ ਵਿਘਨ ਪੈਣ ਕਾਰਨ ਉਨ੍ਹਾਂ ਦੀ ਵਾਪਸੀ ਦੀਆਂ ਯੋਜਨਾਵਾਂ ਵਿੱਚ ਰੁਕਾਵਟ ਆਈ ਹੈ।

ਜ਼ਿੰਬਾਬਵੇ ਨੇ ਦੱਖਣੀ ਅਫਰੀਕਾ ਤੋਂ ਆਪਣਾ ਆਖਰੀ ਸੁਪਰ 8 ਮੈਚ ਹਾਰ ਗਿਆ। ਇਸ ਹਾਰ ਨਾਲ ਉਨ੍ਹਾਂ ਦੀ ਟੀ-20 ਵਿਸ਼ਵ ਕੱਪ ਮੁਹਿੰਮ ਦਾ ਸਫਰ ਖਤਮ ਹੋ ਗਿਆ ਅਤੇ ਖਿਡਾਰੀ ਘਰ ਵਾਪਸ ਜਾਣ ਦੀ ਤਿਆਰੀ ਕਰ ਰਹੇ ਸਨ। ਕਪਤਾਨ ਸਿਕੰਦਰ ਰਜ਼ਾ ਦੀ ਅਗਵਾਈ ਵਿੱਚ ਕਈ ਖਿਡਾਰੀਆਂ ਨੂੰ ਵੱਖ-ਵੱਖ ਉਡਾਣਾਂ 'ਤੇ ਦਿੱਲੀ ਤੋਂ ਦੁਬਈ ਰਾਹੀਂ ਜ਼ਿੰਬਾਬਵੇ ਜਾਣ ਦਾ ਪ੍ਰੋਗਰਾਮ ਸੀ।

**ਅਚਾਨਕ ਬਦਲੇ ਹਾਲਾਤ, ਯਾਤਰਾ ਦਾ ਪਲਾਨ ਹੋਇਆ ਕੈਂਸਲ**

ਪਰ ਹਾਲਾਤ ਅਚਾਨਕ ਬਦਲ ਗਏ। ਪੱਛਮੀ ਏਸ਼ੀਆ ਵਿੱਚ ਇਜ਼ਰਾਈਲ ਅਤੇ ਈਰਾਨ ਵਿਚਕਾਰ ਤਣਾਅ ਵਧਣ ਨਾਲ ਦੁਬਈ ਹਵਾਈ ਅੱਡੇ ਤੋਂ ਕਈ ਉਡਾਣਾਂ ਦੇ ਸ਼ਡਿਊਲ 'ਤੇ ਅਸਰ ਪਿਆ ਹੈ। ਜ਼ਿੰਬਾਬਵੇ ਦੇ ਮੁੱਖ ਕੋਚ ਜਸਟਿਨ ਸੈਮੰਸ ਨੇ ਕਿਹਾ ਕਿ ਮੌਜੂਦਾ ਸਥਿਤੀ ਕਾਰਨ ਟੀਮ ਦੀਆਂ ਯਾਤਰਾ ਯੋਜਨਾਵਾਂ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਖਿਡਾਰੀਆਂ ਲਈ ਸਥਿਤੀ ਮਾਨਸਿਕ ਤੌਰ 'ਤੇ ਚੁਣੌਤੀਪੂਰਨ ਹੈ, ਪਰ ਮੈਦਾਨ 'ਤੇ ਉਨ੍ਹਾਂ ਦਾ ਪੂਰਾ ਫੋਕਸ ਮੈਚ 'ਤੇ ਸੀ।

ਟੀਮ ਦੇ ਆਲਰਾਊਂਡਰ, ਗ੍ਰੀਮ ਕ੍ਰੀਮਰ, ਦੁਬਈ ਵਿੱਚ ਰਹਿੰਦੇ ਹਨ, ਇਸ ਲਈ ਉਨ੍ਹਾਂ ਲਈ ਵੀ ਸਥਿਤੀ ਅਨਿਸ਼ਚਿਤ ਬਣੀ ਹੋਈ ਹੈ। ਜ਼ਿੰਬਾਬਵੇ ਟੀਮ ਦੇ ਜ਼ਿਆਦਾਤਰ ਖਿਡਾਰੀਆਂ ਨੂੰ ਦੁਬਈ ਤੋਂ ਕਨੈਕਟਿੰਗ ਫਲਾਈਟ ਰਾਹੀਂ ਅੱਗੇ ਯਾਤਰਾ ਕਰਨੀ ਸੀ, ਜੋ ਕਿ ਹੁਣ ਸੰਭਵ ਨਹੀਂ ਹੈ। ਇਸ ਦੌਰਾਨ ਅੰਤਰਰਾਸ਼ਟਰੀ ਕ੍ਰਿਕਟ ਪ੍ਰੀਸ਼ਦ (ICC) ਨੇ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਬੋਰਡ ਨੇ ਸੰਕੇਤ ਦਿੱਤਾ ਕਿ ਖਿਡਾਰੀਆਂ ਅਤੇ ਸਹਾਇਕ ਸਟਾਫ ਨੂੰ ਉਨ੍ਹਾਂ ਦੇ ਘਰੇਲੂ ਦੇਸ਼ਾਂ ਵਿੱਚ ਸੁਰੱਖਿਅਤ ਢੰਗ ਨਾਲ ਪਹੁੰਚਾਉਣ ਲਈ ਵਿਕਲਪਿਕ ਉਡਾਣਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਰਿਪੋਰਟਾਂ ਦੇ ਅਨੁਸਾਰ, ਟੀਮ ਨੂੰ ਇਥੋਪੀਆ ਦੇ ਅਦੀਸ ਅਬਾਬਾ ਰਾਹੀਂ ਵੀ ਦੇਸ਼ ਵਾਪਸ ਭੇਜਿਆ ਜਾ ਸਕਦਾ ਹੈ।










